# ਮੋਹ ਦੇ ਦੀਵੇ

# ਮੋਹ ਦੇ ਦੀਵੇ

ਜਸਵੀਰ ਸੈਂਹਬੀ

*Poetry / Punjabi Poetry*

**Moh De Deeve**

*by*

**Jasvir Sehmbi**
V.P.O. Rahimpur, Teh: Nakodar, Distt. Jalandhar-144623
Ph: 01821-242013, Mob: 98728-42013
email: email: Jasvirsehmbi@yahoo.co.in
Jassss013@hotmail.com

2008
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2008*

*Produced and Bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਸਮਰਪਿਤ

ਅੱਧ-ਵਿਚਾਲ਼ੇ ਸਾਥ ਛੱਡ ਗਏ 'ਸੱਜਣਾਂ-ਮਿੱਤਰਾਂ' ਦੇ ਨਾਂ

# ਤਰਤੀਬ


- ਚੋਰ ਨਜ਼ਰ 11
- ਤੂੰ ਤੇ ਕਿਸਮਤ 13
- ਪੀੜ ਸਹੇਲੀ 14
- ਮੋਹ ਦੇ ਦੀਵੇ 15
- ਰੋਣ ਦਿਉ ਅੱਜ ਰਾਤਾਂ ਨੂੰ 16
- ਦੁੱਖ ਭਰੀ ਕਹਾਣੀ 17
- ਦਿਲ ਵਾਲ਼ੇ ਵਿਹੜੇ 'ਚ 18
- ਪਿਆਦਾ 19
- ਨਿਸ਼ਾਨ ਰਹਿ ਗਏ 20
- ਰੋਂਦਾ ਜਿਹਾ ਜਜ਼ਬਾਤ 21
- ਤੇਰੇ ਬਿਨ 22
- ਆਦਤ ਨਹੀਂ 23
- ਤੇਰੀ ਯਾਦ ਦੀ ਖਿੱਚ 24
- ਦੇਰ ਹੋ ਗਈ 25
- ਉਮੀਦ 26
- ਇਸ਼ਕ ਦਾ ਥੰਮ੍ਹ 27
- ਦਿਲ ਨੂੰ ਤਸੱਲੀਆਂ 28
- ਯਾਰ ਮੇਰੇ 30
- ਮੇਰੀ ਅੱਖ 'ਚੋਂ 31
- ਤੇਰੀ ਯਾਦ 33
- ਜਜ਼ਬਾ 34
- ਮੈਂ ਭੁੱਲਦੀ ਰਹੀ 35
- ਕੱਚੀ ਤੰਦ 36
- ਦਰਦ ਦਿਆ ਦਾਤਿਆ 38

- ਤੇਰਾ ਖਿਆਲ 39
- ਮੌਤ ਦਾ ਜ਼ਿੰਮਾ 40
- ਸਭ ਰਲ਼ ਕੇ ਆਵੋ 42
- ਮੈਂ ਮਾਣ ਕਰਾਂ 44
- ਉਡੀਕਾਂ 46
- ਚੁੰਨੀ ਦਾ ਪਾਟਾ ਲੜ 47
- ਦਾਸ 48
- ਜਾਨ ਦਾ ਤੋਹਫ਼ਾ 50
- ਉਹ ਮੇਰਾ ਨਹੀਂ ਸੀ 51
- ਲੰਮੀਆਂ ਵਾਟਾਂ 52
- ਕਿੰਨੇ ਚਿਰ ਤਾਈਂ 53
- ਮੈਂ ਐਸਾ ਮਜਬੂਰ 54
- ਬੇ-ਆਸ ਜਿਹਾ 55
- ਕਠਪੁਤਲੀ 56
- ਯਾਰੋ ਦੁਆ ਕਰੋ 57
- ਕਿਸੇ ਦੀ ਖਾਤਿਰ 59
- ਬਹਾਰ 60
- ਖੁਸ਼ੀ 61
- ਪੀੜਾਂ ਦੀ ਪੰਡ 62
- ਮਰਨ ਲਈ ਤਿਆਰ 63
- ਯਾਰਾਂ ਦੀ ਮਹਿਫਲ 64
- ਬੂਹੇ ਬੰਦ 65
- ਕਿਉਂ 66
- ਕਦੇ-ਕਦੇ 67
- ਦਰਦ ਕਿੰਨੇ ਬੇ-ਦਰਦ 68
- ਮਾਏਂ ਮੇਰੀਏ 69
- ਪੈਰ-ਪੈਰ ’ਤੇ 70
- ਇੱਕ ਚਿੱਠੀ 71
- ਮੇਰੀ ਰੂਹ ਪੁੱਛੇਗੀ 72

# ਮੇਰੇ ਵੱਲੋਂ

'ਮੋਹ ਦੇ ਦੀਵੇ' ਮੇਰਾ ਪਹਿਲਾ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਮੈਂ ਤਿੰਨ ਕਹਾਣੀ ਸੰਗ੍ਰਹਿ, 'ਸ਼ਰਤ', 'ਅਜਨਬੀ' ਤੇ 'ਬਦਰੰਗ ਚਿਹਰੇ' ਪੰਜਾਬੀ ਸਾਹਿਤ ਦੇ ਪਾਠਕਾਂ ਨੂੰ ਭੇਟ ਕਰ ਚੁੱਕਾ ਹਾਂ। ਇਹ ਕਾਵਿ ਸੰਗ੍ਰਹਿ ਵੀ ਪਾਠਕਾਂ ਦੀ ਪਿਆਰ ਭਰੀ ਹੱਲਾ-ਸ਼ੇਰੀ ਦਾ ਹੀ ਨਤੀਜਾ ਹੈ। 'ਮੋਹ ਦੇ ਦੀਵੇ' ਦਰਦ ਪ੍ਰਧਾਨ ਕਵਿਤਾਵਾਂ ਦਾ ਸੰਗ੍ਰਹਿ ਹੈ। ਮੈਂ ਆਪਣੇ ਚਾਰ ਸਾਲਾਂ ਦੀ ਮਿਹਨਤ ਨੂੰ ਪਾਠਕਾਂ ਦੇ ਰੂਬਰੂ ਕਰਦਿਆਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ। ਆਸ ਹੈ ਕਿ ਮੇਰੀਆਂ ਪਹਿਲੀਆਂ ਕਿਤਾਬਾਂ ਵਾਂਗ ਮੇਰੀ ਇਸ ਕਿਤਾਬ ਨੂੰ ਵੀ ਪਾਠਕਾਂ ਦੇ ਦਿਲਾਂ 'ਤੇ ਦਸਤਕ ਦੇਣ ਦਾ ਮੌਕਾ ਮਿਲੇਗਾ। ਮੈਂ ਤਹਿ ਦਿਲੋਂ ਧੰਨਵਾਦੀ ਹਾਂ ਉਹਨਾਂ ਪਾਠਕਾਂ ਦਾ ਜੋ ਮੇਰੀ ਕਿਤਾਬ ਪੜ੍ਹਨ ਤੋਂ ਬਾਅਦ ਮੈਨੂੰ ਫ਼ੋਨ ਕਰਨ ਲਈ ਆਪਣਾ ਕੀਮਤੀ ਸਮਾਂ ਕੱਢਦੇ ਨੇ। ਇਸ ਵਾਰ ਵੀ ਮੈਂ ਪਾਠਕਾਂ ਦੀਆਂ ਉਮੀਦਾਂ 'ਤੇ ਪੂਰੀ ਤਰ੍ਹਾਂ ਖ਼ਰਾ ਉਤਰਨ ਦੀ ਕੋਸ਼ਿਸ਼ ਕੀਤੀ ਹੈ। ਜੇ ਮੇਰੇ ਵਲੋਂ ਕੁਝ ਤਰੁੱਟੀਆਂ ਰਹਿ ਗਈਆਂ ਹੋਣ ਤਾਂ 'ਗਲਤੀ ਦਾ ਪੁਤਲਾ' ਸਮਝ ਕੇ ਖਿਮਾ ਕਰਨਾ।


- ਜਸਵੀਰ ਸੈਂਹਬੀ
ਪਿੰਡ ਤੇ ਡਾਕ. ਰਹੀਮ ਪੁਰ
ਤਹਿ, ਨਕੋਦਰ
ਜ਼ਿਲ੍ਹਾ ਜਲੰਧਰ
ਫੋਨ (ਘਰ) 01821-242013
ਮੋਬਾਇਲ : 98728-42013
email: Jasvirsehmbi@yahoo.co.in
Jassss013@hotmail.com

## ਚੋਰ ਨਜ਼ਰ

ਅੱਖਾਂ ਵਿਚ ਅੱਖਾਂ ਪਾਉਣਾ ਉਹਦਾ,
ਫਿਰ ਨੀਵੀਂ ਪਾ ਸ਼ਰਮਾਉਣਾ ਉਹਦਾ,
ਪਲਕਾਂ ਨੂੰ ਹੌਲ਼ੀ-ਹੌਲ਼ੀ ਚੱਕਣਾ ਉਹਦਾ,
ਫਿਰ ਚੋਰੀ-ਚੋਰੀ ਤੱਕਣਾ ਉਹਦਾ,
ਖਾਮੋਸ਼ ਜਿਹੀ ਕੁਝ ਕਹਿੰਦੀ ਸੀ,
ਮੇਰੇ ਦਿਲ 'ਤੇ ਭਾਰੀ ਪੈਂਦੀ ਸੀ,
ਛੱਡਦੀ ਸੀ ਨਾ ਕੋਈ ਕਸਰ,
ਚੋਰ ਨਜ਼ਰ ਉਹਦੀ ਚੋਰ ਨਜ਼ਰ।

ਨੈਣਾਂ ਨਾਲ਼ ਨੈਣ ਜਦੋਂ ਮਿਲ਼ਦੇ ਸੀ,
ਤਾਂ ਫੁੱਲ ਖੁਸ਼ੀਆਂ ਦੇ ਖਿਲ਼ਦੇ ਸੀ,
ਉਹਦੇ ਹਾਸਿਆਂ 'ਤੇ ਮੁਸਕਾਨਾਂ ਨੇ,
ਮੈਨੂੰ ਸੁਪਨੇ ਦਿਖਾਏ ਅਰਮਾਨਾਂ ਦੇ,
ਇਕ ਲੁਕੀ-ਛਿਪੀ ਜਿਹੀ ਚਾਹਤ ਜੋ,
ਲੁਕ-ਲੁਕ ਤੱਕਣ ਦੀ ਆਦਤ ਜੋ,
ਮੇਰਾ ਆਪ ਹੀ ਤੋੜਦੀ ਸੀ ਸਬਰ,
ਚੋਰ ਨਜ਼ਰ ਉਹਦੀ ਚੋਰ ਨਜ਼ਰ।

ਮੈਂ ਵੀ ਚੋਰੀ-ਚੋਰੀ ਤੱਕਦਾ ਸੀ,
ਉਹਨੂੰ ਵੇਖ-ਵੇਖ ਨਾ ਥੱਕਦਾ ਸੀ,
ਰੂਹ ਮੇਰੀ ਵੀ ਖਿੜ ਜਾਂਦੀ ਸੀ,
ਇੱਕ ਕੰਬਣੀ ਜਿਹੀ ਛਿੜ ਜਾਂਦੀ ਸੀ,
ਇੱਕ ਨਸ਼ਾ ਜਿਹਾ ਹੋ ਜਾਂਦਾ ਸੀ,
ਕਿਤੇ ਅੰਬਰਾਂ ਵਿੱਚ ਖੋ ਜਾਂਦਾ ਸੀ,
ਉਹ ਐਸਾ ਕਰਦੀ ਸੀ ਅਸਰ
ਚੋਰ ਨਜ਼ਰ ਉਹਦੀ ਚੋਰ ਨਜ਼ਰ।

ਫਿਰ ਐਸੀਆਂ ਦੂਰੀਆਂ ਪੈ ਗਈਆਂ,
ਮੇਰੇ ਦਿਲ ਦੀਆਂ ਦਿਲ ਵਿੱਚ ਰਹਿ ਗਈਆਂ,
ਉਹ ਯਾਦ ਪੁਰਾਣੀ ਆ ਜਾਂਦੀ ਜਦ,
ਅੱਖਾਂ ਵਿੱਚ ਨਮੀਂ ਛਾ ਜਾਂਦੀ ਜਦ,
ਫਿਰ ਉਹ ਦਿਨ ਚੇਤੇ ਕਰਦਾ ਹਾਂ,
ਤੇ ਖੁਦ ਨਾਲ਼ ਗੱਲਾਂ ਕਰਦਾ ਹਾਂ,
ਫਿਰ ਟੋਲ੍ਹਦੀ ਹੈ ਇਹ ਮੇਰੀ ਨਜ਼ਰ,
ਚੋਰ ਨਜ਼ਰ ਉਹਦੀ ਚੋਰ ਨਜ਼ਰ।

## ਤੂੰ ਤੇ ਕਿਸਮਤ

ਕਿਸਮਤ ਤੇ ਤੇਰੇ 'ਤੇ ਭਰੋਸਾ ਸੀ ਮੈਨੂੰ
ਆਪਣੇ ਨਾਲੋਂ ਵਧ ਕੇ
ਰੱਬ ਤੋਂ ਵੀ ਜ਼ਿਆਦਾ
ਅੰਨਾ ਯਕੀਨ
ਤੇ ਅੱਜ ਕੁਝ ਮੰਗਣ ਲਈ
ਨੀਵਾਂ ਪੈ ਕੇ
ਅਣਖ ਨੂੰ ਸੂਲ਼ੀ ਟੰਗ ਕੇ
ਜੁੜ ਕੇ ਉੱਠੇ
ਕੰਬਦੇ ਹੋਏ
ਮੇਰੇ ਇਹਨਾਂ ਖਾਲੀ ਹੱਥਾਂ ਦੀ ਲਾਜ
ਨਾ ਤੂੰ ਰੱਖੀ
ਨਾ ਕਿਸਮਤ ਨੇ

## ਪੀੜ ਸਹੇਲੀ

ਇੱਕ ਗੱਲ ਸੁਣ ਮੇਰੀ,
ਪੀੜ ਨੀ ਸਹੇਲੀਏ ਨੀ।
ਮਾਰ ਮੇਰੇ ਛਮਕਾਂ ਤੇ,
ਰੋਣ-ਰੋਣ ਖੇਲੀਏ ਨੀ।
ਮੇਰਾ ਚੰਦਨ ਦਾ ਰੁੱਖ ਤਨ,
ਤੂੰ ਦੁੱਖ ਨਾਗ ਦੀਏ ਗੇਲ੍ਹੀਏ ਨੀ।
ਜ਼ਖ਼ਮਾਂ ਪੁਰਾਣਿਆਂ ਨੂੰ,
ਨਵੀਏਂ-ਨਵੇਲੀਏ ਨੀ।
ਯਾਦਾਂ ਦੇ ਪਹਾੜ ਉੱਤੇ
ਹੌਕਿਆਂ ਦੀ ਢੇਲੀਏ ਨੀ।
ਦਿਲ ਦੇ ਵੀਰਾਨੇ ਵਿੱਚ,
ਗਮਾਂ ਦੀ ਹਵੇਲੀਏ ਨੀ।
ਰੋਜ਼-ਰੋਜ਼, ਪਲ-ਪਲ,
ਰਵਾਉਣ ਤੋਂ ਨਾ ਵਿਹਲੀਏ ਨੀ।
ਅੱਖੀਆਂ ਦੇ ਪੁਸ਼ਪ ਉੱਤੇ,
ਹੰਝੂਆਂ ਦੀ ਤ੍ਰੇਲੀਏ ਨੀ।
ਕੱਢ ਲੈ ਤੂੰ ਜਾਨ ਮੇਰੀ,
ਹਿੱਜਰਾਂ ਦੀ ਚੇਲੀਏ ਨੀ।
ਇੱਕ ਗੱਲ ਸੁਣ ਮੇਰੀ,
ਪੀੜ ਨੀ ਸਹੇਲੀਏ ਨੀ।
ਮਾਰ ਮੇਰੇ ਛਮਕਾਂ ਤੇ,
ਰੋਣ-ਰੋਣ ਖੇਲੀਏ ਨੀ।

## ਮੋਹ ਦੇ ਦੀਵੇ

ਜਦੋਂ ਮੈਂ ਮੋਹ ਦੇ ਦੀਵੇ ਬਾਲ਼ਦਾ ਹੁੰਦਾ ਸੀ,
ਜਦੋਂ ਮੈਂ ਦਿਲ ਵਿੱਚ ਵਫ਼ਾ ਨੂੰ ਪਾਲ਼ਦਾ ਹੁੰਦਾ ਸੀ,
ਅੱਜ ਉਹ ਖਿਆਲ ਤੇਰੇ, ਮੇਰੇ ਹੰਝੂਆਂ ਵਿੱਚ ਢਲ਼ਦੇ ਨੇ,
ਮੇਰੇ ਬੇ-ਵਫ਼ਾ ਮਹਿਬੂਬ ਨੂੰ ਕੋਈ ਕਹੇ ਜਾ ਕੇ,
ਕਿ ਮੇਰੇ ਦਿਲ ਵਿੱਚ ਤੇਰੇ ਮੋਹ ਦੇ ਦੀਵੇ ਅੱਜ ਵੀ ਬਲ਼ਦੇ ਨੇ।

ਕਦੇ ਰਾਤ ਲੰਘਦੀ ਸੀ ਤੇਰਿਆਂ ਖਿਆਲਾਂ ਵਿੱਚ,
ਅੱਜ ਰਾਤ ਲੰਘਦੀ ਹੈ ਕੰਧਾਂ ਦੇ ਸਵਾਲਾਂ ਵਿੱਚ,
ਦਿਲ ਨੂੰ ਤਾਂ ਤੇਰੀ ਯਾਦ ਅੱਜ ਵੀ ਸਤਾਉਂਦੀ ਹੈ,
ਮੇਰੇ ਬੇ-ਵਫ਼ਾ ਮਹਿਬੂਬ ਨੂੰ ਕੋਈ ਕਹੇ ਜਾ ਕੇ,
ਕਿ ਮੇਰੇ ਦਿਲ ਵਿੱਚ ਤੇਰੀ ਚਾਹਤ ਅੱਜ ਵੀ ਜਿਉਂਦੀ ਹੈ।

ਕਦੇ ਤੇਰੇ ਹਾਸਿਆਂ ਵਿੱਚ ਹੱਸਦਾ ਹੁੰਦਾ ਸੀ,
ਕਦੇ ਤੇਰੇ ਖਿਆਲਾਂ ਵਿੱਚ ਵੱਸਦਾ ਹੁੰਦਾ ਸੀ,
ਅੱਜ ਸ਼ੀਸ਼ੇ ਮੂਹਰੇ ਬੈਠ ਤੈਨੂੰ ਬਦਨਾਮ ਕਰਦਾ ਹਾਂ,
ਮੇਰੇ ਬੇ-ਵਫ਼ਾ ਮਹਿਬੂਬ ਨੂੰ ਕੋਈ ਕਹੇ ਜਾ ਕੇ,
ਕਿ ਤੇਰੇ ਘਰੋਂ ਆਈ ਹਵਾ ਨੂੰ ਵੀ ਸਲਾਮ ਕਰਦਾ ਹਾਂ।

ਤੇਰੀ ਯਾਦ, ਤੇਰੀ ਯਾਦ ਇੱਕ ਤੇਰੀ ਯਾਦ ਹੀ,
ਅੱਜ ਵੀ ਇਹ ਤਾਜ਼ਾ ਹੈ ਮੁੱਦਤਾਂ ਦੇ ਬਾਅਦ ਵੀ,
ਮਾਰਦੀ ਵੀ ਨਹੀਂ ਮੈਨੂੰ ਜਿਊਣ ਵੀ ਨਹੀਂ ਦਿੰਦੀ ਮੈਨੂੰ,
ਮੇਰੇ ਬੇ-ਵਫ਼ਾ ਮਹਿਬੂਬ ਨੂੰ ਕੋਈ ਕਹੇ ਜਾ ਕੇ,
ਕਿ ਅੱਜ ਵੀ ਤਾਂ ਤੇਰੀ ਯਾਦ ਸੌਣ ਨਹੀਂ ਦਿੰਦੀ ਮੈਨੂੰ।

## ਰੋਣ ਦਿਉ ਅੱਜ ਰਾਤਾਂ ਨੂੰ

ਸੱਧਰਾਂ ਨੂੰ ਮੌਤ ਦੀ ਨੀਂਦ ਸੁਲਾ ਕੇ,
ਸੁੱਤੇ ਹੋਏ ਜ਼ਖ਼ਮਾਂ ਨੂੰ ਜਗਾ ਕੇ,
ਉਹਦੀ ਆਉਣ ਦੀ ਛੱਡ ਕੇ ਉਮੀਦ ਸਾਰੀ,
ਸੋਚਾਂ ਵਿੱਚ ਇੱਕ ਮਾਰ ਕੇ ਉਡਾਰੀ,
ਅੱਗ ਲਾ ਕੇ ਜਜ਼ਬਾਤਾਂ ਨੂੰ,
ਰੋਣ ਦਿਉ ਅੱਜ ਰਾਤਾਂ ਨੂੰ।

ਸਾਰਾ ਗੂੜ੍ਹਾ ਭੁੱਲ ਪਿਆਰ ਉਹਦਾ,
ਸਿਰ ਚੜ੍ਹਿਆ ਇਸ਼ਕ ਉਤਾਰ ਉਹਦਾ,
ਉਹਦੀਆਂ ਸੋਚਾਂ ਵਿੱਚ ਵੀ ਖੋਈ ਜਾਵਾਂ,
ਯਾਦ ਕਰ-ਕਰ ਉਹਨੂੰ ਰੋਈ ਜਾਵਾਂ,
ਭੁੱਲ ਜਾਵਾਂ ਉਹਦੀਆਂ ਮੁਲਾਕਾਤਾਂ ਨੂੰ,
ਰੋਣ ਦਿਉ ਅੱਜ ਰਾਤਾਂ ਨੂੰ।

ਸਭ ਸੁਪਨੇ ਸਜਾਏ ਭੁੱਲ ਜਾਵਾਂ,
ਜੀਅ ਕਰਦਾ ਕਿਧਰੇ ਰੁਲ਼ ਜਾਵਾਂ,
ਖ਼ੁਦ  ਦੇ ਸਾਹਮਣੇ ਮਰਿਆ ਹੋਵਾਂ,
ਖ਼ੁਦ ਦੀ ਲਾਸ਼ 'ਤੇ ਬਹਿ ਕੇ ਰੋਵਾਂ,
ਉਹ ਭੁੱਲ ਵਸਲਾਂ ਦੀਆਂ ਰਾਤਾਂ ਨੂੰ,
ਰੋਣ ਦਿਉ ਅੱਜ ਰਾਤਾਂ ਨੂੰ।

ਮਾੜੀ ਤਕਦੀਰ ਨੂੰ ਬਹਿ ਫਿਟਕਾਰਾਂ,
ਕੋਸਾਂ, ਰੋਵਾਂ, ਤਾਹਨੇ ਮਾਰਾਂ,
ਕਾਲ਼ੀ ਰਾਤ ਨੂੰ ਸੁਣਾਵਾਂ ਦਰਦ ਕਹਾਣੀ,
ਭਰ ਅੱਖੀਆਂ ਵਿੱਚ ਮਣ-ਮਣ ਪਾਣੀ,
ਅੱਗ ਲਾਵਾਂ ਉਹਦੀਆਂ ਬਾਤਾਂ ਨੂੰ,
ਰੋਣ ਦਿਉ ਅੱਜ ਰਾਤਾਂ ਨੂੰ।

## ਦੁੱਖ ਭਰੀ ਕਹਾਣੀ

ਇੱਕ ਹਾਰੀ, ਸੜੀ, ਬਲ਼ੀ ਤਕਦੀਰ ਹੋਇਆ ਮੈਂ।
ਇੱਕ ਖੋਟੀ ਹੋਈ ਹੱਥ ਦੀ ਲਕੀਰ ਹੋਇਆ ਮੈਂ।

ਰੋਂਦੀ ਅੱਖ ਵਿੱਚੋਂ ਡਿੱਗਾ ਇੱਕ ਨੀਰ ਹੋਇਆ ਮੈਂ।
ਇੱਕ ਰਾਹਾਂ ਵਿੱਚ ਰੁਲ਼ਦੀ ਹੋਈ ਲੀਰ ਹੋਇਆ ਮੈਂ।

ਖਾ ਕੇ ਦਰ-ਦਰ ਠੋਕਰਾਂ ਫ਼ਕੀਰ ਹੋਇਆ ਮੈਂ।
ਪਰ ਗ਼ਮਾਂ ਦਾ ਤਾਂ ਬੜਾ ਹੀ ਅਮੀਰ ਹੋਇਆ ਮੈਂ।

ਇੱਕ ਜ਼ਹਿਰ ਨਾਲ਼ ਭਰੀ ਤਕਰੀਰ ਹੋਇਆ ਮੈਂ।
ਇੱਕ ਖੁੰਝਿਆ ਨਿਸ਼ਾਨੇ ਤੋਂ ਤੀਰ ਹੋਇਆ ਮੈਂ।

ਇੱਕ 'ਦੁੱਖ ਭਰੀ ਕਹਾਣੀ' ਦਾ ਅਖੀਰ ਹੋਇਆ ਮੈਂ।
ਰਾਂਝੇ ਪਿੱਛੇ ਰੁਲ਼ਦੀ ਹੋਈ ਹੀਰ ਹੋਇਆ ਮੈਂ।

ਭਾਵੇਂ ਦਰਦਾਂ ਨਾਲ ਤੜਫਦਾ ਸਰੀਰ ਹੋਇਆ ਮੈਂ।
ਪਰ ਲੋਕਾਂ ਲਈ ਤਾਂ ਖੁਸ਼ ਦਿਲ 'ਜਸਵੀਰ' ਹੋਇਆ ਮੈਂ।

## ਦਿਲ ਵਾਲੇ ਵਿਹੜੇ 'ਚ

ਦਿਲ ਵਾਲ਼ੇ ਵਿਹੜੇ 'ਚ ਹਨੇਰਿਆਂ ਨੂੰ ਦੇਖਾਂ,
ਜਾਂ ਉਜੜੇ ਹੋਏ ਦਿਲ ਦੇ ਬਸੇਰਿਆਂ ਨੂੰ ਦੇਖਾਂ।
ਹੋਰ ਦਿਆਂ ਦਰਦਾਂ ਨੂੰ ਦੇਖਣਾ ਮੈਂ ਕੀ ?
ਆਪਣੇ ਹੀ ਦਰਦਾਂ ਬਥੇਰਿਆਂ ਨੂੰ ਦੇਖਾਂ।

ਅੰਬਰਾਂ ਦਾ ਜ਼ਮੀਨ ਨਾਲ਼ ਕਦੇ ਵੀ ਤਾਂ ਮੇਲ ਨਹੀਂ,
ਆਪਣੀ ਹੀ ਭੁੱਲ ਹੈ ਕੋਈ ਲੇਖਾਂ ਵਾਲੀ ਖੇਲ ਨਹੀਂ।
ਹੋਰ ਦੀਆਂ ਖੁਸ਼ੀਆਂ 'ਚ ਰਲਣਾ ਮੈਂ ਕੀ ?
ਆਪਣੇ ਹੀ ਗ਼ਮਾਂ ਵਿੱਚੋਂ ਪਲ ਦਾ ਵੀ ਵਿਹਲ ਨਹੀਂ।

ਝੂਠੀ ਮੁਸਕਾਨ ਨਾਲ਼ ਦਰਦ ਨੂੰ ਢੱਕਦਾ ਹਾਂ,
ਵਗਦੇ ਹੋਏ ਹੰਝੂਆਂ ਨੂੰ ਪਲਕਾਂ ਨਾਲ਼ ਡੱਕਦਾ ਹਾਂ।
ਹੋਰ ਦੀ ਆਈ ਮੌਤ ਉੱਤੇ ਰੋਣਾ ਵੀ ਮੈਂ ਕੀ ?
ਆਪਣੀ ਹੀ ਮੌਤ ਨੂੰ ਮੈਂ ਆਏ ਦਿਨ ਤੱਕਦਾ ਹਾਂ।

ਮੈਂ ਇੱਕ-ਇੱਕ ਕਰ ਮੇਰੇ ਸਾਹ ਜਾਵਾਂ ਕੇਰਦਾ,
ਸੀਵਿਆਂ 'ਚ ਘਰ ਲਵਾਂ ਲੱਕੜਾਂ ਦੇ ਢੇਰ ਦਾ।
ਲੱਗਣੀ ਹੈ ਅੱਗ ਇਹਨਾਂ ਹੱਡੀਆਂ ਤੇ ਮਾਸ ਨੂੰ,
ਮਰ ਤਾਂ ਚੁੱਕਾ ਯਾਰੋ ਪਹਿਲਾਂ ਹੀ ਬੜੀ ਦੇਰ ਦਾ।

## ਪਿਆਦਾ

ਮੈਂ ਤਾਂ ਪਿਆਦਾ ਸੀ ਇੱਕ ਖੇਡ ਦਾ
ਮੇਰੇ ਮਰਨ ਨਾਲ਼ ਕੋਈ ਫਰਕ ਨਹੀਂ ਸੀ ਪੈਣਾ
ਮੈਂ ਤਾਂ ਦੂਜਿਆਂ ਦਾ ਧਿਆਨ ਰੱਖਦਾ ਰਿਹਾ
ਮੈਨੂੰ ਕੀ ਪਤਾ ਸੀ
ਕਿ ਕੋਈ ਟੇਢੀ ਮਾਰ ਵੀ ਹੁੰਦੀ ਹੈ
ਇਹ ਤਾਂ ਖੇਡਣ ਵਾਲ਼ਾ ਹੀ ਜਾਣਦਾ ਸੀ
ਮੇਰਾ ਕੀ ਜ਼ੋਰ ਸੀ ਚੱਲਣ ਵਾਲ਼ਾ
ਉਹਦੇ ਤੋਰਨ ਨਾਲ਼ ਤੁਰ ਪੈਂਦਾ ਸੀ
ਉਹਦੇ ਰੋਕਣ ਨਾਲ ਰੁਕ ਜਾਂਦਾ
ਕੋਈ ਸਿੱਧਾ ਚੱਲਦਾ ਸੀ
ਕੋਈ ਟੇਢਾ ਚੱਲਦਾ ਸੀ
ਮੈਂ ਤਾਂ ਬਸ ਮਜਬੂਰ ਜਿਹਾ
ਲਾਚਾਰ ਹੋ ਕੇ ਦੇਖਣ ਵਾਲ਼ਾ
ਚਲੋ ਮੰਨ ਲੈਂਦਾ ਹਾਂ
ਕਿ ਜੇ ਲੜਖੜਾਉਂਦਾ ਹੋਇਆ
ਬਚਦਾ ਹੋਇਆ
ਟੇਢੀਆਂ-ਸਿੱਧੀਆਂ ਮਾਰਾਂ ਤੋਂ
ਕਿਨਾਰੇ ਤੱਕ ਵੀ ਪਹੁੰਚ ਜਾਂਦਾ
ਤਾਂ ਵੀ ਤਾਂ ਮੇਰੀ ਮੌਤ ਨਿਸ਼ਚਿਤ ਹੀ ਸੀ
ਜਿਹਨਾਂ ਦੀ ਰਾਖੀ ਕਰਦਾ ਰਿਹਾ
ਉਹਨਾਂ ਦੀ ਮੌਤ ਮੂਹਰੇ ਹਿੱਕ ਤਾਣ ਖੜ੍ਹਦਾ ਰਿਹਾ
ਟੇਢੀਆਂ-ਸਿੱਧੀਆਂ ਮਾਰਾਂ ਤੋਂ
ਉਹਨਾਂ ਨੂੰ ਬਚਾਉਂਦਾ ਰਿਹਾ
ਕਿਨਾਰੇ 'ਤੇ ਪਹੁੰਚਦਿਆਂ ਹੀ
ਉਹਨਾਂ ਨੇ ਹੀ
ਮੇਰੀ ਜਗ੍ਹਾ ਲੈਣੀ ਸੀ।

## ਨਿਸ਼ਾਨ ਰਹਿ ਗਏ

ਕਈ ਬਹਾਰ ਲੈ ਗਏ,
ਕਈ ਵੀਰਾਨ ਰਹਿ ਗਏ,
ਤੁਰ ਗਿਆ ਕਾਫ਼ਲਾ,
ਤੇ ਨਿਸ਼ਾਨ ਰਹਿ ਗਏ।

ਕੁਝ ਪੀੜਾਂ ਰਹਿ ਗਈਆਂ,
ਕੁਝ ਦਰਦ ਰਹਿ ਗਏ,
ਤੁਰਨ ਵਾਲ਼ੇ, ਤੁਰ ਗਏ,
ਨਿਸ਼ਾਨ ਰਹਿ ਗਏ।

ਪੀੜ ਜ਼ਖਮਾਂ ਦੀ ਹੋਈ,
ਇਹ ਗ਼ਰੂਰ ਲਹਿ ਗਏ,
ਇਹ ਜ਼ਖ਼ਮ ਨੇ ਹਟੇ
ਤੇ ਨਿਸ਼ਾਨ ਰਹਿ ਗਏ।

ਉਹ ਜਿੱਤ ਤੁਰ ਗਏ,
ਅਸੀਂ ਹਾਰ ਬਹਿ ਗਏ
ਫਿਰ ਧੂੜ ਜਿਹੀ ਉੱਠੀ,
ਤੇ ਨਿਸ਼ਾਨ ਰਹਿ ਗਏ।

ਕਈ ਪਾ ਗਏ ਮੰਜ਼ਿਲਾਂ,
ਕਈ ਭੁੱਲੇ ਰਹਿ ਗਏ,
ਜਦੋਂ ਅੱਖ ਸੀ ਖੁੱਲ੍ਹੀ,
ਤੇ ਨਿਸ਼ਾਨ ਰਹਿ ਗਏ।

## ਰੋਂਦਾ ਜਿਹਾ ਜਜ਼ਬਾਤ

ਇੱਕ ਰੋਂਦਾ ਜਿਹਾ ਜਜ਼ਬਾਤ ਹਾਂ ਮੈਂ।
ਇੱਕ ਅੱਧ ਲੰਘੀ ਜਿਹੀ ਰਾਤ ਹਾਂ ਮੈਂ।

ਇੱਕ ਟੁੱਟਾ ਹੋਇਆ ਇਕਰਾਰ ਹਾਂ ਮੈਂ।
ਇੱਕ ਝੂਠਾ ਜਿਹਾ ਇਤਬਾਰ ਹਾਂ ਮੈਂ।

ਵਫ਼ਾ ਲਈ ਬੜਾ ਬਦਨਾਮ ਹਾਂ ਮੈਂ।
ਉਹਦੀਆਂ ਗਲ਼ੀਆਂ ਵਿੱਚ ਬੇ-ਨਾਮ ਹਾਂ ਮੈਂ।

ਦਰਦ ਦਾ ਉੱਠਦਾ ਉਬਾਲ ਹਾਂ ਮੈਂ।
ਇੱਕ ਦੱਬਿਆ-ਨੱਪਿਆ ਸਵਾਲ ਹਾਂ ਮੈਂ।

ਇੱਕ ਹੱਦੋਂ ਵਧਿਆ ਸਬਰ ਹਾਂ ਮੈਂ।
ਇੱਕ ਉਡੀਕਾਂ ਕਰਦੀ ਨਜ਼ਰ ਹਾਂ ਮੈਂ।

ਇੱਕ ਝੂਠੀ ਜਿਹੀ ਮੁਸਕਾਨ ਹਾਂ ਮੈਂ।
ਇੱਕ ਹੋਇਆ ਵਿਹੜਾ ਵੀਰਾਨ ਹਾਂ ਮੈਂ।

## ਤੇਰੇ ਬਿਨ

ਜਦ ਤੇਰੀ-ਮੇਰੀ ਜ਼ਿੰਦਗੀ ਦੀਆਂ ਰਾਵਾਂ ਹੀ ਵੱਖ ਹੋ ਗਈਆਂ,
ਤਾਂ ਪਾ ਕੇ ਸਾਂਝਾਂ ਯਾਦਾਂ ਨਾਲ ਮੈਂ ਦੱਸ ਕੀ ਕਰਨਾ ?

ਜਦ ਤੇਰੇ ਸੋਹਣੇ ਮੁਖੜੇ 'ਤੇ, ਮੈਨੂੰ ਇੱਕ ਵੀ ਸ਼ਿਕਵਾ ਨਹੀਂ ਦਿਸਦਾ,
ਤਾਂ ਤੇਰੇ ਗ਼ਮਾਂ ਵਿੱਚ ਝੱਲਾ ਹੋ ਕੇ, ਮੈਂ ਦੱਸ ਕਿਉਂ ਮਰਨਾ ?

ਜੇ ਤੈਨੂੰ ਮੇਰੇ ਤੋਂ ਵੱਖ ਹੋ ਕੇ, ਖੁਸ਼ੀਆਂ ਮਿਲ ਜਾਣ ਹੱਦ ਦੀਆਂ,
ਤਾਂ ਲਾ ਕੇ ਰੋਗ ਨਿਮਾਣੀ ਜਿੰਦ ਨੂੰ, ਮੇਰਾ ਵੀ ਨਹੀਂ ਸਰਨਾ।

ਜੇ ਮੈਥੋਂ ਵੱਖ ਤੇਰੇ ਬੁੱਲਾਂ 'ਤੇ, ਹਾਸਾ ਪਲ਼ਦਾ ਰਹੇ ਸਦਾ,
ਤਾਂ ਮੈਂ ਆਪਣੇ ਇਹਨਾਂ ਬੁੱਲਾਂ 'ਤੇ, ਗ਼ਮ ਦੱਸ ਕਿਉਂ ਧਰਨਾ ?

ਜੇ ਮੇਰੇ ਬਿਨ ਤੇਰੀ ਪੀਂਘ ਖ਼ੁਸ਼ੀ ਦੀ, ਵਿੱਚ ਅਸਮਾਨਾਂ ਲਵੇ ਹੁਲਾਰੇ,
ਤਾਂ ਬਲ਼ਦੀ ਚਾਵਾਂ ਦੀ ਚਿਤਾ ਦੇ ਵਿੱਚ, ਮੈਂ ਦੱਸ ਕਿਉਂ ਸੜਨਾ ?

## ਆਦਤ ਨਹੀਂ

ਮੇਰੇ ਨਾਲ ਜੋ ਬੀਤਿਆ ਦੱਸ ਨਹੀਂ ਹੁੰਦਾ,
ਗੁੰਮ-ਸੁੰਮ ਰਹਿਣ ਦੀ ਆਦਤ ਨਹੀਂ ਮੈਨੂੰ।
ਚਿਹਰੇ ’ਤੇ ਚੁੱਪ ਦੀ ਭਰਮਾਰ ਹੈ,
ਪਲ ਭਰ ਹੱਸਣ ਦੀ ਇਜਾਜ਼ਤ ਨਹੀਂ ਮੈਨੂੰ।
ਗ਼ਮਾਂ ਨਾਲ ਸੜਨ ਦਾ ਹੌਸਲਾ ਹੈ ਮੇਰਾ,
ਦਰਦਾਂ ਦੀ ਕੋਈ ਦਹਿਸ਼ਤ ਨਹੀਂ ਮੈਨੂੰ।
ਬਸ ਲਿਖ ਕੇ ਭਾਰ ਘਟਾ ਲੈਨਾਂ ਕੁਝ,
ਇਹਨਾਂ ਗ਼ਮਾਂ ਦੇ ਨਾਲ ਮੁਹੱਬਤ ਨਹੀਂ ਮੈਨੂੰ।
ਸੀ ਲੇਖਾਂ ਦੇ ਵਿੱਚ ਦਰਦ ਹੀ ਲਿਖਿਆ,
ਕਿਸੇ ਦੀ ਦਿੱਤੀ ਅਮਾਨਤ ਨਹੀਂ ਮੈਨੂੰ।
ਬਾਕੀ ਆਪਣੀਆਂ ਵੀ ਕੁਝ ਭੁੱਲਾਂ ਨੇ,
ਕਿਸੇ ਨਾਲ, ਕੋਈ ਸ਼ਿਕਾਇਤ ਨਹੀਂ ਮੈਨੂੰ।
ਐਵੇਂ ਝੂਠੇ ਹਾਸੇ ਹੱਸਦਾ ਰਹਿੰਦਾ ਹਾਂ,
ਦਿਲੋਂ ਤਾਂ ਕੋਈ ਰਾਹਤ ਨਹੀਂ ਮੈਨੂੰ।
ਬੇ-ਰੰਗ ਜਿਹੀ ਜ਼ਿੰਦਗੀ ਜਿਉਂਦਾ ਹਾਂ,
ਜਿਉਣ ਦੀ ਵੀ ਕੋਈ ਚਾਹਤ ਨਹੀਂ ਮੈਨੂੰ।

## ਤੇਰੀ ਯਾਦ ਦੀ ਖਿੱਚ

ਖਿੱਚ ਹੈ ਅਜੀਬ ਜਿਹੀ ਇੱਕ ਤੇਰੀ ਯਾਦ ਵਿੱਚ,
ਖਿੱਚਦੀ ਧਿਆਨ ਮੇਰਾ ਸਦਾ ਹੀ ਇਹ ਆਪਣੇ ਵੱਲ,
ਤੇ ਅੱਖੀਆਂ 'ਚ ਵੱਸਦੇ ਇਹ ਹੰਝੂ ਵੀ ਤਾਂ ਬਾਅਦ ਵਿੱਚ,
ਦੇਰ ਹੈ ਬਸ ਇੱਕ ਯਾਦ ਤੇਰੀ ਆਉਣ ਦੀ,
ਕਿ ਆਪਣੇ-ਆਪ ਹੀ ਬਾਹਰ ਵੱਲ ਭੱਜੇ ਆਉਂਦੇ ਨੇ।

ਤੇਰਾ ਹੀ ਖਿਆਲ ਮੈਨੂੰ ਆਉਣ ਦੀ ਹੀ ਦੇਰ ਹੈ,
ਕਿ ਪੋਟਾ-ਪੋਟਾ ਮਹਿਕ ਜਾਂਦਾ ਤੇਰਿਆਂ ਖਿਆਲਾਂ ਨਾਲ,
ਆਪਣੇ ਪਰਛਾਵੇਂ ਵਿੱਚ ਦੇਖ ਤੇਰੀ ਤਸਵੀਰ ਨੂੰ,
ਬਹਿਸ ਪੈਂਦਾ ਖੁਦ ਹੀ ਖੁਦ ਦੇ ਸਵਾਲਾਂ ਨਾਲ,
ਫਿਰ ਸੋਚਾਂ ਘੇਰਾ ਪਾ ਕੇ ਇਹ ਦਰਦ ਵੀ ਹੋਸ਼ ਭੁਲਾਉਂਦੇ ਨੇ।

ਰਾਹਾਂ ਵਿੱਚ ਪੈੜਾਂ ਦੇ ਨਿਸ਼ਾਨ ਜਦੋਂ ਦੇਖਦਾ ਹਾਂ,
ਫਿਰ ਆਪਣੇ ਹੀ ਭਟਕੇ ਹੋਏ ਕਦਮਾਂ ਦੀ ਯਾਦ ਆਉਂਦੀ,
ਮੁਹੱਬਤਾਂ ਦਾ ਜਾਦੂ ਜਦੋਂ ਸਿਰ ਚੜ੍ਹ ਬੋਲਦਾ ਸੀ,
ਮੂੰਹੋਂ ਮੰਗੀ ਜਾਨ ਲੈਣੀ ਚੇਤੇ ਫਰਿਆਦ ਆਉਂਦੀ,
ਫਿਰ ਇਹੀ ਪੈੜਾਂ ਦੇ ਨਿਸ਼ਾਨ ਮੈਨੂੰ ਬੜਾ ਹੀ ਡਰਾਉਂਦੇ ਨੇ।

## ਦੇਰ ਹੋ ਗਈ

ਪਤਾ ਸੀ ਮੈਨੂੰ
ਕਿ ਮਾੜੇ ਵਕਤ
ਪਿਆਰ ਕਰਨ ਵਾਲ਼ੇ
ਸ਼ਾਇਦ ਜਤਾਉਣ ਵਾਲ਼ੇ
ਹਸਾਉਣ ਵਾਲ਼ੇ
ਮਿੱਠੀਆਂ-ਮਿੱਠੀਆਂ ਗੱਲਾਂ ਕਰਨ ਵਾਲ਼ੇ,
ਜਾਂ ਸ਼ਾਇਦ ਭਰਮਾਉਣ ਵਾਲੇ,
ਸਾਥ ਛੱਡ ਜਾਣਗੇ
ਇਹ ਜਾਣਦਿਆਂ ਹੋਇਆਂ ਵੀ
ਮੇਰੇ ਕੋਲ਼ੋਂ
ਥੋੜ੍ਹੀ ਜਿਹੀ
ਸ਼ਾਇਦ ਕੁਝ ਜ਼ਿਆਦਾ ਹੀ
ਦੇਰ ਹੋ ਗਈ।

## ਉਮੀਦ

ਗਮਾਂ ਦੇ ਬੱਦਲ ਛਟ ਜਾਣ ਦੀ ਉਮੀਦ ਹੈ।
ਦਿਲ ਦੀ ਪੀੜ ਹਟ ਜਾਣ ਦੀ ਉਮੀਦ ਹੈ।

ਦਿਲ ਨੂੰ ਦੋ ਪਲ ਚੈਨ ਮਿਲਣ ਦੀ ਉਮੀਦ ਹੈ।
ਪਤਝੜ ਵਿੱਚ ਫੁੱਲ ਖਿਲਣ ਦੀ ਉਮੀਦ ਹੈ।

ਉਡੀਕਾਂ ਦੀ ਲੰਮੀ ਵਾਟ ਮੁੱਕਣ ਦੀ ਉਮੀਦ ਹੈ।
ਅੱਖੀਆਂ ਵਿੱਚ ਹੰਝੂ ਸੁੱਕਣ ਦੀ ਉਮੀਦ ਹੈ।

ਖ਼ੁਸ਼ੀਆਂ ਦੀ ਹਵਾ ਵਗਣ ਦੀ ਉਮੀਦ ਹੈ।
ਬੁਝੇ ਹੋਏ ਚਿਰਾਗ ਜਗਣ ਦੀ ਉਮੀਦ ਹੈ।

ਇਹ ਉਡੀਕਾਂ ਖਤਮ ਹੋਣ ਦੀ ਉਮੀਦ ਹੈ।
ਉਹਦੇ ਗਲ਼ ਲੱਗ ਰੱਜ ਕੇ ਰੋਣ ਦੀ ਉਮੀਦ ਹੈ।

ਸਾਡੀ ਗਲ਼ੀ ਵਿੱਚ ਫੇਰਾ ਪਾਉਣ ਦੀ ਉਮੀਦ ਹੈ।
ਉਹਦੇ ਵਾਪਿਸ ਆਉਣ ਦੀ ਉਮੀਦ ਹੈ।

## ਇਸ਼ਕ ਦਾ ਥੰਮ੍ਹ

ਜਦ ਇਸ਼ਕ ਮੇਰੇ ਦਾ ਥੰਮ੍ਹ ਟੁੱਟਣ ਲੱਗਾ ਸੀ,
ਜਦ ਉਹ ਮੇਰੇ ਚਾਵਾਂ ਦਾ ਗਲ਼ਾ ਘੁੱਟਣ ਲੱਗਾ ਸੀ,
ਉਦੋਂ ਨਜ਼ਰਾਂ ਮਿਲਾਉਣ ਦੀ ਉਹਦੀ ਹਿੰਮਤ ਨਹੀਂ ਸੀ,
ਤੇ ਪਲਕਾਂ ਨੂੰ ਮੈਥੋਂ ਵੀ ਚੁੱਕਿਆ ਨਾ ਗਿਆ।

ਹਕੀਕਤ ਆਪਣੇ-ਆਪ ਹੀ ਮੂਹਰੇ ਆ ਗਈ,
ਕੁਝ ਕਹਿਣ ਤੋਂ ਪਹਿਲਾਂ ਹੀ ਖਾਮੋਸ਼ੀ ਛਾ ਗਈ।
ਝੂਠ ਬੋਲਣ ਦੀ ਉਹਨੂੰ ਲੋੜ ਨਾ ਪਈ,
ਤੇ ਸੱਚ ਵੀ ਮੈਥੋਂ ਲੁਕਾਇਆ ਨਾ ਗਿਆ।

ਮੇਰੀਆਂ ਅੱਖਾਂ ਨੇ ਉਸ ਤੋਂ ਮੇਰਾ ਕਸੂਰ ਪੁੱਛਿਆ,
ਮੇਰੀ ਚੁੱਪ ਨੇ ਇਹ ਸਵਾਲ ਵੀ ਜ਼ਰੂਰ ਪੁੱਛਿਆ,
ਮੇਰੇ ਕੰਬਦੇ ਹੋਏ ਬੁੱਲ ਕੁਝ ਬੋਲ ਨਾ ਸਕੇ,
ਤੇ ਮੇਰੇ ਹੰਝੂਆਂ ਕੋਲ਼ੋਂ ਵੀ ਰੁਕਿਆ ਨਾ ਗਿਆ।

ਤੁਰ ਚੱਲੀ ਮੇਰਿਆਂ ਸਾਹਾਂ ਦੀ ਬਾਰਾਤ ਤਾਂ,
ਮੁੱਕਦੀ ਪਰ ਦਰਦਾਂ ਮੇਰਿਆਂ ਦੀ ਰਾਤ ਨਾ,
ਇਹਨਾਂ ਸਾਹਾਂ ਦਾ ਪੈਂਡਾ ਮੁੱਕ ਚੱਲਾ ਪਰ,
ਉਹ ਮੇਰਾ ਦਰਦ ਇਸ਼ਕ ਦਾ ਮੁੱਕਿਆ ਨਾ ਗਿਆ।

## ਦਿਲ ਨੂੰ ਤਸੱਲੀਆਂ

ਚੋਰੀ-ਚੋਰੀ ਲੁਕ-ਲੁਕ,
ਹੌਲੀ ਪੈਰ ਚੁੱਕ-ਚੁੱਕ,
ਯਾਦਾਂ ਇਹ ਪਾਣੀ ਬਣ,
ਅੱਖੀਆਂ ਨੇ ਚੱਲੀਆਂ।
ਪਰ ਦਿੰਦਾਂ ਹਾਂ ਉਦਾਸ ਜਿਹੇ,
ਦਿਲ ਨੂੰ ਤਸੱਲੀਆਂ।

ਹੱਥ 'ਚ ਕਟਾਰ ਫੜ,
ਸੱਧਰਾਂ ਹਲਾਲ ਕਰ,
ਦਿਲ ਦੀਆਂ ਥਾਵਾਂ ਸਭ,
ਦਰਦਾਂ ਨੇ ਮੱਲੀਆਂ।
ਪਰ ਦਿੰਦਾਂ ਹਾਂ ਉਦਾਸ ਜਿਹੇ,
ਦਿਲ ਨੂੰ ਤਸੱਲੀਆਂ।

ਬੜਾ ਤੜਫਾਉਂਦੀਆਂ ਨੇ,
ਬੜਾ ਹੀ ਰਵਾਉਂਦੀਆਂ ਨੇ,
ਇੱਕ ਪਲ ਚੈਨ ਨਹੀਂ,
ਚੋਟਾਂ ਵੀ ਨੇ ਅੱਲ੍ਹੀਆਂ।
ਪਰ ਦਿੰਦਾਂ ਹਾਂ ਉਦਾਸ ਜਿਹੇ,
ਦਿਲ ਨੂੰ ਤਸੱਲੀਆਂ।

ਅੱਖਾਂ ਸੁਪਨੇ ਸਜਾਏ ਜੋ,
ਰਾਸ ਨਾ ਪਰ ਆਏ ਜੋ,
ਸੁਪਨੇ ਉਹ ਟੁੱਟ ਗਏ,
ਜੋ ਦੇਖੇ ਅੱਖਾਂ ਝੱਲੀਆਂ।
ਪਰ ਦਿੰਦਾਂ ਹਾਂ ਉਦਾਸ ਜਿਹੇ,
ਦਿਲ ਨੂੰ ਤਸੱਲੀਆਂ।

ਪਰ ਲੱਗੇ ਚਾਵਾਂ ਨੂੰ,
ਮੈਂ ਪੁੱਛਦਾ ਹਵਾਵਾਂ ਨੂੰ,
ਕਿਉਂ ਗ਼ਮਾਂ ਦੀਆਂ ਵਾਟਾਂ ਇਹ,
ਮੁੱਕਣ ਨਾ ਸੁਖੱਲੀਆਂ।
ਪਰ ਦਿੰਦਾ ਹਾਂ ਉਦਾਸ ਜਿਹੇ,
ਦਿਲ ਨੂੰ ਤਸੱਲੀਆਂ।

## ਯਾਰ ਮੇਰੇ

ਯਾਰ ਮੇਰੇ ਬੜੇ ਬਚਪਨ ਤੋਂ ਹੀ
ਮੇਰੀਆਂ ਗੱਲਾਂ ਸੁਣਨ ਵਾਲ਼ੇ,
ਅੱਜ ਧੌਣ ਨੀਵੀਂ ਕੀਤੇ
ਤੇ ਬੜੇ ਚੁੱਪ-ਚੁਪੀਤੇ
ਮੇਰੇ ਦੁੱਖਾਂ ਨੂੰ ਸੁਣਨ ਵਾਲ਼ੇ
ਕਈ ਨਾਲ਼ ਵੀ ਤੁਰਨ ਵਾਲ਼ੇ
ਚਿਹਰੇ 'ਤੇ ਉਹਨਾਂ ਦੇ ਗੰਭੀਰਤਾ
ਮੇਰੇ ਨਾਲ਼ ਬੈਠੇ ਗੁੰਮ-ਸੁੰਮ ਹੋ ਕੇ
ਮੋਢੇ ਨਾਲ਼ ਮੋਢਾ ਜੋੜਨ ਵਾਲ਼ੇ,
ਮੈਂ ਬੋਲਦਾ ਹਾਂ
ਬੁੜਬੁੜਾਉਂਦਾ ਹਾਂ
ਉਹ ਤਾਂ ਬਸ ਨੇ ਸੁਣਨ ਵਾਲੇ
ਕਦੇ-ਕਦੇ ਉਹਨਾਂ 'ਚੋਂ ਕੋਈ
ਲੰਮਾ ਸਾਹ ਵੀ ਭਰਦਾ ਹੈ
ਜਿਵੇਂ ਆਪਣਾ ਕੋਈ ਫਿਕਰ ਕਰਦਾ ਹੈ
ਮੇਰੇ ਚਿਹਰੇ ਨੂੰ ਤੱਕਦਾ ਉਹ ਚਿਹਰਾ
ਜਿਵੇਂ ਮੇਰੇ ਚਿਹਰੇ ਨੂੰ ਪੜ੍ਹਦਾ ਹੈ
ਅੰਤ ਉਹਨਾਂ ਦੇ ਕੰਮ ਦਾ ਵੇਲ਼ਾ ਆ ਜਾਂਦਾ
ਆਖਰ ਚੁੱਪੀ ਟੁੱਟ ਜਾਂਦੀ
ਮੇਰੇ ਮੋਢੇ 'ਤੇ ਹੱਥ ਧਰ ਕੇ ਤੁਰਨ ਵਾਲ਼ੇ
ਬੁੱਕ-ਬੁੱਕ ਦੇਣ ਤਸੱਲੀਆਂ
"ਐਵੇਂ ਗੱਲਾਂ ਦਿਲ 'ਤੇ ਨਾ ਲਾ,
ਅਸੀਂ ਤੇਰੇ ਨਾਲ਼ ਹਾਂ।"
ਬਸ, ਏਨਾਂ ਕਹਿ ਕੇ ਤੁਰਨ ਵਾਲ਼ੇ।

## ਮੇਰੀ ਅੱਖ 'ਚੋਂ

ਜੀਹਦਾ ਇਸ਼ਕ ਸਿਰ ਚੜ੍ਹ ਬੋਲਦਾ ਸੀ,
ਸਾਹਾਂ ਤੱਕ ਕੰਬਣੀ ਘੋਲਦਾ ਸੀ,
ਜੀਹਦੀ ਯਾਦ ਹੀ ਖਾਣਾ-ਪੀਣਾ ਸੀ,
ਜੀਹਦੀ ਯਾਦ ਹੀ ਮਰਨਾ-ਜੀਣਾ ਸੀ,
ਜੀਹਦੀ ਦੀਦ ਨੂੰ ਰੱਬ ਤੋਂ ਮੰਗਦੀ ਸਾਂ,
ਸਭ ਹੱਦਾਂ ਨੂੰ ਹੱਥੀਂ ਭੰਨਦੀ ਸਾਂ,
ਉਹਨੇ ਕਦਰਾਂ ਜ਼ਰਾ ਨਾ ਜਾਣੀਆਂ ਵੇ,
ਮੇਰੀ ਅੱਖ 'ਚੋਂ ਵਗਦੇ ਪਾਣੀਆਂ ਵੇ।

ਦਰਦਾਂ ਵਿੱਚ ਕਮਲ਼ੀ ਹੋ ਗਈ ਆਂ,
ਹਿੱਜਰਾਂ ਵਿੱਚ ਕਮਲ਼ੀ ਹੋ ਗਈ ਆਂ,
ਮਰ ਗਈ ਚਾਹਤ ਖ਼ੁਸ਼ੀਆਂ ਹਾਸੇ ਦੀ,
ਮੈਨੂੰ ਹੋਸ਼ ਨਾ ਆਸੇ-ਪਾਸੇ ਦੀ,
ਸੁਪਨਾ ਰੰਗੀਨ ਇੱਕ ਟੁੱਟ ਗਿਆ ਮੇਰਾ,
ਚਾਵਾਂ ਦਾ ਹਸੀਨ ਸਾਥ ਛੁੱਟ ਗਿਆ ਮੇਰਾ,
ਤੇ ਮਰ ਗਈਆਂ ਸੱਧਰਾਂ ਨਿਮਾਣੀਆਂ ਵੇ,
ਮੇਰੀ ਅੱਖ 'ਚੋਂ ਵਗਦੇ ਪਾਣੀਆਂ ਵੇ।

ਨਹੀਂ ਭੁੱਖ ਮਿਟੀ ਸੀ ਇਹਨਾਂ ਬਾਹਵਾਂ ਦੀ,
ਜਾਨ ਨਿੱਕਲ਼ ਗਈ ਮੇਰੇ ਚਾਵਾਂ ਦੀ,
ਕੀ ਖੇਡ ਰਚਾਈ ਲੇਖਾਂ ਨੇ,
ਮੈਂ ਖੜੀ ਤਮਾਸ਼ਾ ਦੇਖਾਂ ਇਹ,
ਸੀ ਫੈਸਲਾ ਹੱਥ ਦੀਆਂ ਲਕੀਰਾਂ ਦਾ,
ਤੇ ਲਿਖਿਆ ਸੀ ਤਕਦੀਰਾਂ ਦਾ,
ਦਰ-ਦਰ ਦੀਆਂ ਠੋਕਰਾਂ ਖਾਣੀਆਂ ਵੇ,
ਮੇਰੀ ਅੱਖ 'ਚੋਂ ਵਗਦੇ ਪਾਣੀਆਂ ਵੇ।

ਇਸ ਦੁਨੀਆਂ ਦੀ ਰੀਤ ਪੁਰਾਣੀ ਹੈ,
ਜਦ ਅੱਖ 'ਚੋਂ ਵਗਦਾ ਪਾਣੀ ਹੈ,
ਤਾਂ ਹੱਸ ਕੇ ਮਜ਼ਾਕ ਉਡਾਉਂਦੀ ਹੈ,
ਫਿਰ ਹੌਲ਼ ਕਾਲਜੇ ਪਾਉਂਦੀ ਹੈ,
ਇਹ ਦੋਸ਼ ਇਸ਼ਕ ਦੇ ਲਾਉਂਦੀ ਹੈ,
ਤੇ ਤਾਹਨੇ ਮਾਰ ਰਵਾਉਂਦੀ ਹੈ,
ਖੋਲ੍ਹ ਕੇ ਯਾਦਾਂ ਪੁਰਾਣੀਆਂ ਵੇ,
ਮੇਰੀ ਅੱਖ 'ਚੋਂ ਵਗਦੇ ਪਾਣੀਆਂ ਵੇ।

## ਤੇਰੀ ਯਾਦ

ਰਾਤੀਂ ਤੇਰੀ ਯਾਦ ਮੈਨੂੰ ਮਾਰਦੀ ਰਹੀ,
ਹਰ ਸ਼ੈਅ ਵਿੱਚ ਦਿਸਦੀ ਸੀ ਤੇਰੀ ਤਸਵੀਰ,
ਤਰਸਦਾ ਰਿਹਾ ਮੇਰਾ ਹੱਥ ਤੇਰੀ ਛੋਹ ਨੂੰ,
ਇਹੋ ਗੱਲ ਬਸ ਵੱਸੋਂ ਬਾਹਰ ਦੀ ਰਹੀ,
ਰਾਤੀਂ ਤੇਰੀ ਯਾਦ ਮੈਨੂੰ ਮਾਰਦੀ ਰਹੀ।

ਮਰ-ਮਰ ਹੰਝੂਆਂ 'ਚ ਜਿਉਣਾ ਵੀ ਕੀ ਜ਼ਿੰਦਗੀ ਏ,
ਇਸ ਪਾਰ ਨਾ ਮੈਂ ਉਸ ਪਾਰ ਦੀ ਰਹੀ,
ਸਾਰੀ ਰਾਤ ਦਰਦਾਂ ਦੇ ਡੂੰਘੇ ਦਰਿਆਵਾਂ ਵਿੱਚ,
ਯਾਦਾਂ ਦੀਆਂ ਬੇੜੀਆਂ ਮੈਂ ਤਾਰਦੀ ਰਹੀ,
ਦਿਨੇ ਮੈਨੂੰ ਸੂਰਜ ਦੀ ਧੁੱਪ ਤਾਹਨੇ ਮਾਰਦੀ,
ਰਾਤੀਂ ਤੇਰੀ ਯਾਦ ਮੈਨੂੰ ਮਾਰਦੀ ਰਹੀ।

ਉੱਡ ਗਏ ਪਰਿੰਦੇ ਉਹ ਖ਼ੁਦ ਚੋਗ਼ ਚੁਗ਼ ਕੇ,
ਜਿਹਨਾਂ ਨੂੰ ਮੈਂ ਚੋਗ਼ ਸੀ ਖਿਲਾਰਦੀ ਰਹੀ,
ਉਹੀ ਰਾਹ ਤਾਂ ਅੱਜ ਮੈਨੂੰ ਵੱਢ-ਵੱਢ ਖਾਂਦੇ ਨੇ,
ਮੈਂ ਰਾਹ ਜਿਹੜੇ ਦਿਲ 'ਚ ਉਤਾਰਦੀ ਰਹੀ,
ਰਾਤੀਂ ਤੇਰੀ ਯਾਦ ਮੈਨੂੰ ਮਾਰਦੀ ਰਹੀ।

ਕੋਈ ਨਾ ਵੀਰਾਨੇ ਵਿੱਚ ਧਰਦਾ ਏ ਪੈਰ ਵੀ,
ਕਾਹਨੂੰ ਮੈਂ ਉਡੀਕਾਂ ਕਰ ਹਾਰਦੀ ਰਹੀ,
ਸੰਘਣੇ ਹਨੇਰੇ ਵਿੱਚ ਦਿੱਸਿਆ ਨਾ ਕੋਈ ਮੈਨੂੰ,
ਤੇਰਾ ਨਾ ਮੈਂ ਫਿਰ ਵੀ ਪੁਕਾਰਦੀ ਰਹੀ,
ਰਾਤੀਂ ਤੇਰੀ ਯਾਦ ਮੈਨੂੰ ਮਾਰਦੀ ਰਹੀ।

## ਜਜ਼ਬਾ

ਇੱਕ ਜਜ਼ਬਾ ਲੈ ਵਫ਼ਾ ਦਾ ਦਿਲ ਵਿੱਚ,
ਹਕੀਕਤ ਨੂੰ ਝੁਠਲਾਉਣ ਦੀ ਕੋਸ਼ਿਸ਼ ਕਰਦਾ ਰਿਹਾ।
ਜਿਊਂਦਾ ਰਿਹਾ ਸੁਪਨਿਆਂ ਦੇ ਆਲਮ ਵਿੱਚ,
ਤੇ ਉਹ ਜਜ਼ਬਾ ਕਿਆਮਤ ਦੀ ਭੇਟ ਚੜ੍ਹਦਾ ਰਿਹਾ।

ਇੱਕ ਖਿੱਚ ਮੈਨੂੰ ਆਪਣੇ ਵੱਲ ਖਿੱਚਦੀ ਰਹੀ,
ਉਹ ਜਜ਼ਬਾ ਖੁਮਾਰੀ ਵਾਂਗ ਚੜ੍ਹਦਾ ਰਿਹਾ।
ਜਿਹਾ ਸੋਚਿਆ ਵੀ ਨਾ ਜਿਹਾ ਹੋਇਆ ਮੇਰੇ ਨਾਲ਼,
ਤੇ ਉਹ ਜਜ਼ਬਾ ਕਿਆਮਤ ਦੀ ਭੇਟ ਚੜ੍ਹਦਾ ਰਿਹਾ।

ਚੋਟਾਂ ਦੀਆਂ ਪੀੜਾਂ ਨਾਲ਼ ਝੱਲਿਆਂ ਦੇ ਵਾਂਗ,
ਐਵੇਂ ਹਵਾ ਦਿਆਂ ਬੁੱਲਿਆਂ ਨੂੰ ਫੜਦਾ ਰਿਹਾ।
ਉੱਡਦਾ ਰਿਹਾ ਐਵੇਂ ਉੱਚੇ ਅਸਮਾਨਾਂ ਵਿੱਚ,
ਤੇ ਉਹ ਜਜ਼ਬਾ ਕਿਆਮਤ ਦੀ ਭੇਟ ਚੜ੍ਹਦਾ ਰਿਹਾ।

ਚਲੋ ਮਿਟ ਜਾਣਾ ਵੀ ਮੁਹੱਬਤਾਂ ਦਾ ਹੈ ਦਸਤੂਰ,
ਦਿਲ ਲਈ ਤਸੱਲੀਆਂ ਵੀ ਘੜਦਾ ਰਿਹਾ।
ਹਨੇਰਿਆਂ 'ਚ ਖ਼ੌਰੇ ਮੈਨੂੰ ਕਿਸ ਦੀ ਤਲਾਸ਼ ਰਹੀ,
ਤੇ ਉਹ ਜਜ਼ਬਾ ਕਿਆਮਤ ਦੀ ਭੇਟ ਚੜ੍ਹਦਾ ਰਿਹਾ।

## ਮੈਂ ਭੁੱਲਦੀ ਰਹੀ

ਜ਼ੁਬਾਨ ਤਾਂ ਮੇਰੀ ਤੇਰੇ ਦਰਦ ਕਰਕੇ ਚੁੱਪ ਰਹੀ।
ਇਸ ਚੁੱਪੀ ਕਰਕੇ ਸਾਹੀਂ ਜ਼ਹਿਰ ਮੇਰੇ ਘੁਲ਼ਦੀ ਰਹੀ।

ਦਿਲ ਵਿੱਚ ਸੀ ਤਸਵੀਰ ਤੇਰੀ, ਇਸੇ ਦਿਲ ਵਿੱਚ ਦਰਦ ਤੇਰਾ।
ਹੱਥ ਵਿੱਚ ਲੈ ਤੇਰੇ ਨਾਂ ਦਾ ਦੀਵਾ, ਤੇਰੇ ਘਰ ਦੇ ਰਾਹੀਂ ਰੁਲ਼ਦੀ ਰਹੀ।

ਦੋ ਲੱਤੀਂ ਮੈਂ ਚੁੱਕੀ ਫਿਰਦੀ, ਬੇ-ਜ਼ਾਨ ਤਨ ਦੀ ਕਾਇਆ ਨੂੰ।
ਜਿੰਦ ਦਾ ਕੀ ਏ, ਜਿੰਦ ਤਾਂ ਹੰਝੂ ਬਣ-ਬਣ ਡੁੱਲ੍ਹਦੀ ਰਹੀ।

ਬਾਗਾਂ ਦੀ ਥਾਂ ਨਾਲ ਭੁਲੇਖੇ, ਮੇਰੇ ਘਰ ਵਿੱਚ ਆ ਵਸਿਆ।
ਤੇ ਥਲਾਂ ਦੀ ਗਰਮ ਹਵਾ, ਮੇਰੇ ਵਿਹੜੇ ਦੇ ਵਿੱਚ ਝੁਲਦੀ ਰਹੀ।

ਦਿਲ ਦੀਆਂ ਸੱਧਰਾਂ ਮਰ ਗਈਆਂ, ਕੁਝ ਤੇਰੇ ਲੇਖੇ ਲਾ ਦਿੱਤੀਆਂ।
ਦਰਦ ਨੇ ਮੇਰਾ ਹੋਸ਼ ਭੁਲਾਇਆ, ਇਹ ਭੁਲਾਉਂਦੇ ਰਹੇ ਮੈਂ ਭੁੱਲਦੀ ਰਹੀ।

## ਕੱਚੀ ਤੰਦ

ਇਹ ਇੱਕ ਕੱਚੀ ਤੰਦ ਜ਼ਿੰਦਗੀ ਦੀ
ਲੰਬੀ ਹੋ, ਅੰਤ
ਟੁੱਟ ਹੀ ਜਾਣਾ
ਖ਼ੁਸ਼ੀ ਇਕੱਠੀ ਕਰਦੇ ਹੋਏ
ਪਿਆਰ ਲਈ ਹਾਜ਼ਰੀ ਭਰਦੇ ਹੋਏ
ਦਿਲ ਟੁੱਟਣ ਦੀ ਖ਼ਬਰ ਤੋਂ
ਜਾਣ-ਬੁੱਝ ਕੇ ਬੇ-ਖ਼ਬਰ ਹੋ
ਗ਼ਮਾਂ ਤੋਂ ਬਚਦਾ ਰਹੇਂਗਾ
ਪਰ ਘਰ ਤੇਰੇ ਗ਼ਮਾਂ ਨੂੰ
ਕਿਸੇ ਨੇ ਸੁੱਟ ਹੀ ਜਾਣਾ।

ਕਿੰਨਾ ਚਿਰ ਤੂੰ
ਦਿਲ ਰੱਖੇਂਗਾ
ਇਹ ਚੀਜ਼ ਸਦਾ ਨਾ ਰਹਿਣੀ
ਪੀੜ ਜਦੋਂ ਹੈ ਭਾਰੀ ਪੈਣੀ
ਲੈ ਜਾਣਾ ਤੈਨੂੰ
ਤੇਰੇ 'ਚੋਂ ਹੀ ਕੱਢ ਕੇ
ਕੱਚੀ ਤੰਦ ਨੂੰ ਵੱਢ ਕੇ
ਤੋੜ ਕੇ
ਮਰੋੜ ਕੇ
ਸਿਖਰਾਂ ਦੀ ਤਕਦੀਰ
ਅੰਤ ਹੋ ਜਾਣੀ ਖੋਟੀ
ਇਸ ਖੋਟੀ ਤਕਦੀਰ ਨੇ
ਫਿਰ ਫੁੱਟ ਹੀ ਜਾਣਾ

ਹਾਸੇ ਲੁਕਾਏ
ਮੈਂ ਵੀ ਲਾ ਕੇ ਤਾਲ਼ੇ
ਇਹ ਲੁਕਾਏ
ਗਏ ਨਾ ਵਾਹਲ਼ੇ
ਜਿੰਦ ਦਾ ਖਜ਼ਾਨਾ ਸੀ ਮੇਰਾ
ਜਿਵੇਂ ਖਜ਼ਾਨਾ ਸੀ ਤੇਰਾ
ਨਹੀਂ ਬੱਚਦਾ
ਇਹ ਲੁੱਟ ਹੀ ਜਾਣਾ

ਪਿਆਰ ਤਾਂ ਕਦੇ ਬਚਾ ਨਾ ਹੁੰਦਾ
ਚੰਦਰੇ ਜੱਗ ਦੀਆਂ ਅੱਖਾਂ ਤੋਂ
ਇਹਦੀ ਰਾਖੀ ਕਰ ਨਾ ਹੁੰਦੀ
ਪੀਰਾਂ-ਫਕੀਰਾਂ ਦੀਆਂ ਰੱਖਾਂ ਤੋਂ
ਪਿਆਰ ਤਾਂ ਕੱਚਾ ਘੜਾ ਮਿੱਟੀ ਦਾ
ਵਿੱਚ ਝਨਾਂ ਦੇ ਤਰਦਾ ਨਾ
ਵਿਚਾਲੇ ਟੁੱਟਣ ਲਈ ਮਸ਼ਹੂਰ
ਕਹਿੰਦੇ ਇਹੀ ਇਸਦਾ ਹੈ ਦਸਤੂਰ
ਇਹ ਘੜਾ ਕਦੇ ਵੀ ਭਰਦਾ ਨਾ
ਇਸਨੇ ਆਖਰ ਟੁੱਟ ਹੀ ਜਾਣਾ

## ਦਰਦ ਦਿਆ ਦਾਤਿਆ

ਸੁਣ ਦਰਦ ਦਿਆ ਦਾਤਿਆ
ਇਹ ਦਰਦ—ਬਿਲਕੁਲ ਤੇਰੇ ਵਰਗੇ
ਤੇਰੇ ਪਿਆਰ ਦੇ ਤੋਹਫ਼ੇ—ਅੱਖਾਂ ਮੇਰੀਆਂ ਦੇ ਵਿੱਚ
ਤੇਰੇ ਵਾਂਗਰ ਇਹ ਸਤਾਉਣ
ਦੱਸ ਕਿਵੇਂ ਹੱਸ ਸਕਦੀ ਮੈਂ ?
ਹਾਸਿਆਂ ਨੂੰ ਕਤਲ ਕੀਤਾ ਤੇਰੇ ਦਰਦਾਂ
ਸੱਧਰਾਂ 'ਤੇ ਦਰਦਾਂ ਦਾ ਕਬਜ਼ਾ
ਲੁੱਟ-ਪੁੱਟ ਕੀਤਾ ਕਮਲ਼ੀ ਬੇ-ਦਰਦਾਂ

ਸੁਣ ਦਰਦ ਦਿਆ ਦਾਤਿਆ
ਲੀਰਾਂ ਹੋ ਗਈ ਮੇਰੀ ਕਾਇਆ
ਪੀੜਾਂ ਨੂੰ ਤੂੰ ਝੋਲੀ ਪਾਇਆ
ਫਿਰ ਤੇਰੇ ਹਿੱਜਰਾਂ ਨੇ ਰੰਗ ਵਿਖਾਇਆ
ਐਸੀ ਕੁੱਟੀ ਕਿ ਸਾਹ ਨਾ ਆਇਆ

ਸੁਣ ਦਰਦ ਦਿਆ ਦਾਤਿਆ
ਮੈਂ ਤਾਂ ਤੇਰੀ ਗ਼ੁਲਾਮ, ਮੈਨੂੰ ਕੁੱਟ ਭਾਵੇਂ, ਮੈਨੂੰ ਛੱਡ ਭਾਵੇਂ
ਮੈਂ ਤਾਂ ਬੱਕਰੀ ਕਿਸਾਈ ਕੋਲ਼, ਮੈਨੂੰ ਮਾਰ ਭਾਵੇਂ, ਮੈਨੂੰ ਵੱਢ ਭਾਵੇਂ
ਸਾਹਮਣੇ ਖੜੀ ਹਾਂ ਤੇਰੇ, ਮੈਨੂੰ ਚੁੰਮ ਭਾਵੇਂ, ਮੈਨੂੰ ਚੱਟ ਭਾਵੇਂ
ਸੌਂਹ ਮੈਨੂੰ ਸਾਹਾਂ ਦੀ ਜੇ 'ਸੀ' ਕਰਾਂ
ਪਹਿਲਾਂ ਵੀ ਤੇਰੇ ਲਈ ਮਰੀ ਸਾਂ, ਹੁਣ ਵੀ ਪਲ-ਪਲ ਮਰਦੀ ਹਾਂ
ਦੱਸ ਤੇਰੀ ਖ਼ੁਸ਼ੀ ਲਈ ਮੈਂ ਕੀ ਕਰਾਂ ?

## ਤੇਰਾ ਖਿਆਲ

ਜਦੋਂ ਰਾਤੀਂ ਤੇਰਾ ਖਿਆਲ ਆਇਆ,
ਅੱਖੋਂ ਹੰਝੂ ਲੈ ਕੇ ਨਾਲ ਆਇਆ,
ਆਪ ਆਇਆ ਅੱਖੀਂ ਪਾਣੀ ਬਣ ਕੇ,
ਦਿਲ ਵਿੱਚ ਭਾਂਬੜ ਬਾਲ਼ ਆਇਆ,
ਜਦੋਂ ਰਾਤੀਂ ਤੇਰਾ ਖਿਆਲ ਆਇਆ।

ਜਦੋਂ ਰਾਤੀਂ ਤੇਰਾ ਖਿਆਲ ਆਇਆ,
ਖਿਆਲ ਕੀ ਬਸ ਕਮਾਲ ਆਇਆ,
ਧਸ ਦਿਲ ਦੀ ਗਹਿਰਾਈ ਅੰਦਰ,
ਕੋਈ ਜ਼ਖਮ ਪੁਰਾਣਾ ਭਾਲ ਆਇਆ,
ਜਦੋਂ ਰਾਤੀਂ ਤੇਰਾ ਖਿਆਲ ਆਇਆ।

ਜਦੋਂ ਰਾਤੀਂ ਤੇਰਾ ਖਿਆਲ ਆਇਆ,
ਦਿਲ ਵਿੱਚ ਇੱਕ ਉਬਾਲ਼ ਆਇਆ,
ਕਰਦਾ ਰਿਹਾ ਇਹਨੂੰ ਪਲ-ਪਲ ਦੂਰ,
ਇਹ ਤਾਂ ਛਾਲ਼ੋ-ਛਾਲ਼ ਆਇਆ,
ਜਦੋਂ ਰਾਤੀਂ ਤੇਰਾ ਖਿਆਲ ਆਇਆ।

ਜਦੋਂ ਰਾਤੀਂ ਤੇਰਾ ਖਿਆਲ ਆਇਆ,
ਕੋਈ ਐਸੀ ਚੱਲ ਕੇ ਚਾਲ ਆਇਆ,
ਤੜਫਦਾ ਰਿਹਾ ਮੈਂ ਰਾਤ ਸਾਰੀ,
ਤੇਰੀ ਯਾਦ ਪੁਰਾਣੀ ਉਠਾਲ਼ ਆਇਆ,
ਜਦੋਂ ਰਾਤੀਂ ਤੇਰਾ ਖਿਆਲ ਆਇਆ।

## ਮੌਤ ਦਾ ਜ਼ਿੰਮਾ

ਇਹ ਸੋਚ ਕੇ ਹੌਸਲਾ ਕਰ ਲੈਂਦੀ ਹਾਂ ਮੈਂ,
ਕਿ ਕਦੇ ਚਾਹ ਕੇ ਕੱਚੀਆਂ ਕੰਧਾਂ ਹਵਾ ਨੂੰ ਰੋਕਦੀਆਂ ਨਾ।
ਜੋ ਕਰਦੇ ਦਰਦ ਕਰੀ ਜਾਣ ਮੇਰੇ ਨਾਲ
ਕਦੇ ਕਲੀਆਂ ਭੌਰਿਆਂ ਨੂੰ ਰਸ ਲੈਣ ਤੋਂ ਟੋਕਦੀਆਂ ਨਾ।

ਅੱਧ-ਮਰੀ ਜਿਹੀ ਹੋ ਗਈ ਹਾਂ, ਦੱਸ ਮੇਰਾ ਕੀ ਹੈ ?
ਜੀ ਲਵਾਂਗੀ ਮੈਂ ਹਿੱਜਰਾਂ ਦੇ ਪੈਰੀਂ ਵਿਛ-ਵਿਛ ਕੇ।
ਇਹਨਾਂ ਦੇ ਕਹਿਣ 'ਤੇ ਜੀਨੀਂ ਹਾਂ, ਇਹਨਾਂ ਦੇ ਕਹਿਣ 'ਤੇ ਮਰ ਜਾਵਾਂਗੀ।
ਪੀ ਲਵਾਂਗੀ ਸਾਹਾਂ ਦਾ ਪਾਣੀ ਹਿੱਜਰਾਂ ਕੋਲ਼ੋਂ ਪੁੱਛ-ਪੁੱਛ ਕੇ।

ਪੀੜਾਂ ਭਰੀ ਧੜਕਣ ਧੜਕਦੀ ਹੈ ਮੇਰੇ ਸੀਨੇ ਵਿੱਚ,
ਹਿੱਜਰਾਂ ਦਾ ਬਣਿਆ ਚਾਨਣ ਚੰਨ ਦਾ ਮੇਰੇ ਵਿਹੜੇ ਆਇਆ ਹੈ।
ਰੋਮ-ਰੋਮ ਵਿੱਚ ਦਰਦ ਮੇਰੇ, ਦਰਦ ਤਾਂ ਮੇਰੀ ਅੱਖ ਦਾ ਪਾਣੀ,
ਜੋ ਹੰਝੂ ਬਣ ਕੇ ਅੱਖਾਂ ਤੋਂ ਮੇਰੀਆਂ ਗੱਲਾਂ ਤੱਕ ਪਹੁੰਚ ਆਇਆ ਹੈ।

ਕੁਝ ਤਾਂ ਕਸੂਰ ਹੈ ਮੇਰੇ ਇਸ ਦਿਲ ਨਿਮਾਣੇ ਦਾ,
ਤੇ ਕੁਝ ਖੇਡ ਵੀ ਖੇਡੀ ਹੈ ਮੇਰੇ ਨਾਲ਼ ਨਸੀਬਾਂ ਨੇ।
ਤਾਹੀਉਂ ਪੱਲਾ ਭਿੱਜਦਾ ਹੈ ਹੰਝੂਆਂ ਨਾਲ਼ ਮੇਰੀ ਚੁੰਨੀ ਦਾ,
ਕੰਡਿਆਂ ’ਤੇ ਸੌਣ ਬਰਾਬਰ ਕੀਤਾ ਹੈ, ਕਈਆਂ ਦੀਆਂ ਜੀਭਾਂ ਨੇ।

ਆਪਣੇ-ਆਪ ਨਾਲ਼ ਗੱਲਾਂ ਕਰਦੀ ਨੇ ਮੂੰਹ ਮੂਹਰੇ ਹੱਥ ਧਰਿਆ ਤਾਂ,
ਮੈਂ ਮਹਿਸੂਸ ਕੀਤਾ ਕਿ ਮੇਰੇ ਤਾਂ ਬੋਲਾਂ ਵਿੱਚ ਵੀ ਹੰਝੂਆਂ ਦੀ ਨਮੀਂ ਹੈ।
ਦਰਦ, ਪੀੜਾਂ, ਹੰਝੂ, ਗ਼ਮ ਤੇ ਯਾਦਾਂ ਨੂੰ ਛੱਡ ਕੇ,
ਸਭ ਕੁਝ ਹੈ ਪਰ ਕੁਝ ਵੈਣਾਂ ਦੀ ਹੀ ਕਮੀ ਹੈ।

ਆਪਣੇ ਕੰਬਦੇ-ਕੰਬਦੇ ਹੱਥਾਂ ਨਾਲ਼ ਰਾਤੀਂ ਮੈਂ ਇੱਕ ਰੁੱਕਾ ਲਿਖ ਕੇ,
ਆਪਣੇ ਕਮਰੇ ਦੀ ਕੰਧ ’ਤੇ ਫਰੇਮ ਵਿੱਚ ਜੜ ਦਿੱਤਾ ਹੈ।
ਲਿਖਿਆ ਹੈ ਕਿ ਜੇ ਕੱਲ੍ਹ ਤੱਕ ਮੇਰੇ ਸਾਹਾਂ ਦਾ ਚਿਰਾਗ਼ ਬੁਝੇ,
ਤਾਂ ਆਪਣੀ ਮੌਤ ਦਾ ਜ਼ਿੰਮਾ ਮੈਂ ਇਹਨਾਂ ਹਿੱਜਰਾਂ ਦੇ ਸਿਰ ਮੜ ਦਿੱਤਾ ਹੈ।

## ਸਭ ਰਲ਼ ਕੇ ਆਵੋ

ਸਭ ਰਲ਼ ਕੇ ਆਵੋ ਨੀਂ,
ਸਹੀਓ ਬਾਤਾਂ ਪਾਵੋ ਨੀਂ।
ਕੁਝ ਪਲਾਂ ਦਾ ਪੜਾਅ ਮੇਰਾ,
ਰਿਹਾ ਕੋਈ ਨਾ ਵਿਸਾਹ ਮੇਰਾ,
ਸੱਦਾ ਆਉਣ ਹੀ ਵਾਲ਼ਾ ਹੈ,
ਚੱਲੋ ਹੱਸੋ ਤੇ ਹਸਾਵੋ ਨੀਂ,
ਸਭ ਰਲ਼ ਕੇ ਆਵੋ ਨੀ।

ਪੱਤੇ ਸੁੱਕਣ ਵਾਲੇ ਨੇ,
ਸਾਹ ਮੁੱਕਣ ਵਾਲੇ ਨੇ,
ਪੱਤਿਆਂ ਨੇ ਸੁੱਕ ਜਾਣਾ,
ਸਾਹਾਂ ਨੇ ਮੁੱਕ ਜਾਣਾ।
ਮੇਰੇ ਬੈਠ ਸਰ੍ਹਾਣੇਂ ਕੋਲ਼,
ਨਾਲ ਸਾਹਾਂ ਨੂੰ ਗਿਣਾਵੋ ਨੀਂ,
ਸਭ ਰਲ਼ ਕੇ ਆਵੋ ਨੀਂ।

ਇਹ ਤਨ ਦਾ ਖ਼ਜ਼ਾਨਾ ਜੋ,
ਅੰਤ ਹੈ ਤਾਂ ਬੇਗ਼ਾਨਾ ਜੋ।
ਬੜੀ ਦੇਰ ਦੀ ਤੁਰ ਗਈ ਹਾਂ,
ਅੰਦਰੋ-ਅੰਦਰੀ ਖ਼ੁਰ ਗਈ ਹਾਂ।
ਮੇਰੇ ਕੰਬਦੇ ਬੋਲਾਂ ਨੂੰ
ਤੁਸੀਂ ਦਿਲ ’ਤੇ ਨਾ ਲਾਵੋ ਨੀਂ,
ਸਭ ਰਲ਼ ਕੇ ਆਵੋ ਨੀਂ।

ਕੁਝ ਲੇਖਾਂ ਨੇ ਮਾਰੇ,
ਕੁਝ ਲੋਕਾਂ ਨੇ ਮਾਰੇ।
ਕਿਉਂ ਗਿਣਾਂ ਤਰੀਕਾਂ ਮੈਂ,
ਕਿਉਂ ਕਰਾਂ ਉਡੀਕਾਂ ਮੈਂ।
ਮੈਨੂੰ ਦੱਸੋ ਬੋਲ ਕੇ ਨੀਂ,
ਬੇ-ਸਬਰੀ ਘਟਾਵੋ ਨੀਂ
ਸਭ ਰਲ਼ ਕੇ ਆਵੋ ਨੀਂ।

ਨਾ ਮੁੱਕਦੀ ਗ਼ਮ ਦੀ ਰਾਤ,
ਨਾ ਹੰਝੂਆਂ ਦੀ ਬਰਸਾਤ।
ਮੇਰੀ ਅੱਖ ਦੇ ਵਿੱਚ ਨਮੀਂ,
ਮੇਰੇ ਹਾਸੇ ਵਿੱਚ ਕਮੀਂ।
ਇਹ ਨਬਜ਼ ਕਦੋਂ ਰੁਕਣੀ,
ਕੁਝ ਬੋਲ ਸੁਣਾਵੋ ਨੀਂ,
ਸਭ ਰਲ਼ ਕੇ ਆਵੋ ਨੀਂ।

## ਮੈਂ ਮਾਣ ਕਰਾਂ

ਮੇਰਾ ਇਸ਼ਕ ਸਿਰੇ ਨਾ ਚੜ੍ਹ ਸਕਿਆ,
ਉੱਚਿਆਂ ਨਾਲ਼ ਨਾ ਲੜ ਸਕਿਆ।
ਅੜਿਆਂ ਵੀ ਨਾ ਅੜ ਸਕਿਆ,
ਸੜਿਆਂ ਵੀ ਨਾ ਸੜ ਸਕਿਆ,
ਮੈਂ ਮਾਣ ਕਰਾਂ ਤਾਂ ਕੀਹਦੇ ਸਿਰ 'ਤੇ।

ਉੱਚੇ ਘੂਰਦੇ ਰਹੇ ਅਸਮਾਨਾਂ ਤੋਂ,
ਕਈ ਡਰਦੇ ਸੀ ਫਰਮਾਨਾਂ ਤੋਂ,
ਤੇ ਕਈ ਵਿੱਚੋਂ ਕਿਰਪਾਨਾਂ ਤੋਂ,
ਮੇਰੇ ਆਪਣੇ ਹੀ ਮੁੱਕਰੇ ਬਿਆਨਾਂ ਤੋਂ,
ਮੈਂ ਮਾਣ ਕਰਾਂ ਤਾਂ ਕੀਹਦੇ ਸਿਰ 'ਤੇ।

ਦਿਨੇ ਨਾਲ਼ ਜੋ ਮੇਰੇ ਤੁਰਦੇ ਸੀ,
ਰਾਤੀਂ ਉਹਨਾਂ ਨਾਲ਼ ਵੀ ਜੁੜਦੇ ਸੀ,
ਜੋ ਉੱਚਿਆਂ ਦੇ ਮੋੜਿਆਂ ਮੁੜਦੇ ਸੀ,
ਉਹ ਮੇਰੇ ਲਈ ਤਾਂ ਮੁਰਦੇ ਸੀ,
ਮੈਂ ਮਾਣ ਕਰਾਂ ਤਾਂ ਕੀਹਦੇ ਸਿਰ 'ਤੇ।

ਮੇਰੀ ਲੈ ਬੈਠੀ ਇੱਕ ਮੁਰਾਦ ਮੈਨੂੰ,
ਮੇਰੇ ਮੂੰਹੋਂ ਮੰਗੀ ਫਰਿਆਦ ਮੈਨੂੰ,
ਕਰ ਗਈ ਧੁਰ ਤੱਕ ਬਰਬਾਦ ਮੈਨੂੰ,
ਹੁਣ ਮਾਰਦੀ ਪਲ-ਪਲ ਬਾਅਦ ਮੈਨੂੰ,
ਮੈਂ ਮਾਣ ਕਰਾਂ ਤਾਂ ਕੀਹਦੇ ਸਿਰ 'ਤੇ।

ਜਦ ਆਪਣੇ ਹੀ ਮੂੰਹ ਮੋੜ ਗਏ,
ਸਭ ਰਿਸ਼ਤੇ-ਨਾਤੇ ਤੋੜ ਗਏ,
ਪਹਿਲਾਂ ਹਿੱਜਰਾਂ ਦੇ ਵਿੱਚ ਰੋੜ੍ਹ ਗਏ,
ਹੁਣ ਮੜੀਆਂ ਵੱਲ ਨੂੰ ਮੋੜ ਗਏ,
ਮੈਂ ਮਾਣ ਕਰਾਂ ਤਾਂ ਕੀਹਦੇ ਸਿਰ 'ਤੇ।

## ਉਡੀਕਾਂ

ਵਰ੍ਹਿਆਂ ਤੋਂ ਲੈ ਕੇ ਵਰ੍ਹਿਆਂ ਤੱਕ ਮੇਰਾ,
ਹੌਂਸਲਾ ਹਾਰਦੀਆਂ ਰਹੀਆਂ ਉਡੀਕਾਂ।
ਮੇਰੀ ਰੂਹ ਦੇ ਧੁਰ ਅੰਦਰ ਤੱਕ,
ਮੈਨੂੰ ਮਾਰਦੀਆਂ ਰਹੀਆਂ ਉਡੀਕਾਂ।

ਉਡੀਕਾਂ, ਉਡੀਕਾਂ, ਬਸ ਉਡੀਕਾਂ,
ਪੱਲੇ ਦੇ ਵਿੱਚ ਪੈਣ ਉਡੀਕਾਂ।
ਜ਼ਿੰਦਗੀ ਦਾ ਪੈਂਡਾ ਘੱਟਦਾ ਜਾਵੇ,
ਫਿਰ ਵੀ ਵੱਧਦੀਆਂ ਰਹਿਣ ਉਡੀਕਾਂ।

ਯਾਦਾਂ ਦੇ ਪਰਛਾਵੇਂ ਹੇਠਾਂ,
ਬਹਿ ਕੇ ਕਰਦਾ ਹਾਂ ਉਡੀਕਾਂ।
ਮਰਦਾ ਜਾਵਾਂ, ਕਰਦਾ ਜਾਵਾਂ,
ਲੈ ਕਿਸੇ ਦਾ ਨਾਂ ਉਡੀਕਾਂ।

ਦਰਦਾਂ ਦੇ ਕੰਡਿਆਲ਼ੇ ਰਸਤੇ,
ਤੁਰ-ਤੁਰ ਕੇ ਹੁਣ ਥੱਕਿਆ ਮੈਂ।
ਰਸਤੇ ਵੀ ਸੀ ਹੋਰ ਮੰਜ਼ਿਲ ਦੇ,
ਉਹਨਾਂ ਨੂੰ ਨਾ ਚੁਣ ਸਕਿਆ ਮੈਂ।

ਉਡੀਕ ਤਾਂ ਮੇਰੀ ਜਾਨ ਦੀ ਦੁਸ਼ਮਣ,
ਨਾਲ਼ ਉਡੀਕ ਦੇ ਲੜ ਜਾਵਾਂਗਾ।
ਉਡੀਕ ਮੁੱਕਣ ਦੀ ਉਡੀਕ ਦੇ ਵਿੱਚੋਂ,
ਇੱਕ ਦਿਨ ਯਾਰੋ ਮਰ ਜਾਵਾਂਗਾ।

## ਚੁੰਨੀ ਦਾ ਪਾਟਾ ਲੜ

ਚੁੰਨੀ ਦੇ ਪਾਟੇ ਲੜ ਦੀ ਗੰਢ ਵਿੱਚ, ਸੁਪਨੇ ਸਜਾ ਕੇ ਲੁਕਾਉਂਦੀ ਰਹੀ,
ਤੇਰੀਆਂ ਯਾਦਾਂ ਦੇ ਪਲੰਘ ਦੇ ਉੱਪਰ, ਉਡੀਕਾਂ ਦੀ ਚਾਦਰ ਵਿਛਾਉਂਦੀ ਰਹੀ।

ਹੰਝੂਆਂ ਦਾ ਤੇਲ ਪਾ ਦੀਵੇ ਵਿੱਚ, ਤੇਰੇ ਨਾਂ ਦਾ ਦੀਵਾ ਜਗਾਉਂਦੀ ਰਹੀ,
ਦੀਵੇ ਦੀ ਲਾਟ ਵਿੱਚ ਦੇਖ ਕੇ ਤੈਨੂੰ, ਸਾਰੀ ਰਾਤ ਮੈਂ ਹੰਝੂ ਵਹਾਉਂਦੀ ਰਹੀ।

ਸੇਜ਼ ਦੇ ਸਰ੍ਹਾਣੇਂ ਵਿੱਚ ਦੇਖ ਕੇ ਤੈਨੂੰ, ਪਰਦਾ ਕਰ ਖ਼ੁਦ ਨੂੰ ਲੁਕਾਉਂਦੀ ਰਹੀ,
ਤੇਰੀ ਛੋਹ ਨੂੰ ਮਹਿਸੂਸ ਕਰਕੇ, ਮੈਂ ਅੰਤਾਂ ਤੱਕ ਸ਼ਰਮਾਉਂਦੀ ਰਹੀ।

ਤੇਰੀਆਂ ਯਾਦਾਂ ਦੇ ਪਰਛਾਵੇਂ ਹੇਠਾਂ, ਇਸ ਭੈੜੀ ਦੁਨੀਆਂ ਨੂੰ ਭੁਲਾਉਂਦੀ ਰਹੀ,
ਪਰ ਤੇਰੀ ਯਾਦ ਵੀ ਏਨੀ ਭੈੜੀ ਕਿ, ਇਸ ਦਿਲ ਨਿਮਾਣੇ ਨੂੰ ਰਵਾਉਂਦੀ ਰਹੀ।

ਤੇਰੇ ਵਸਲਾਂ ਦੀ ਅਜਬ ਜਿਹੀ ਖਿੱਚ ਮੈਨੂੰ, ਰਹਿ-ਰਹਿ ਕੇ ਤੜਫਾਉਂਦੀ ਰਹੀ,
ਉੱਤੋਂ ਰਾਤ ਜ਼ਾਲਮ ਵੀ ਐਸੀ ਕਿ, ਮੇਰੇ ਹੌਸਲੇ ਨੂੰ ਅਜ਼ਮਾਉਂਦੀ ਰਹੀ।

## ਦਾਸ

ਦਰਦ ਦਾ ਦਾਸ
ਮੈਂ ਬੜਾ ਉਦਾਸ
ਬੜਾ ਨਿਰਾਸ਼
ਦਰਦ ਦਾ ਦਾਸ

ਮੈਂ ਇਹਦਾ ਕਹਿਣਾ
ਮੰਨਦਾ ਹਾਂ
ਇਹ ਮੇਰਾ ਕਹਿਣਾ
ਮੰਨਦੇ ਨਾ
ਇਸ ਨਾਲ਼ ਮੇਰੀ
ਕਦੇ ਰਲ਼ੇ ਨਾ ਰਾਸ
ਦਰਦ ਦਾ ਦਾਸ
ਮੈਂ ਬੜਾ ਉਦਾਸ

ਇਹ ਮੇਰੇ ਦਿਲ ਵਿੱਚ
ਵੱਸਦੇ ਨੇ
ਮੇਰੇ ਹੰਝੂ ਡਿੱਗਣ ਤਾਂ
ਹੱਸਦੇ ਨੇ
ਮੇਰਾ ਪੀਂਦੇ ਖ਼ੂਨ
ਖਾਂਦੇ ਮਾਸ
ਦਰਦ ਦਾ ਦਾਸ
ਮੈਂ ਬੜਾ ਉਦਾਸ

ਰੋਣੋਂ ਵਿਹਲੇ
ਨੈਣ ਨਹੀਂ
ਇੱਕ ਪਲ ਦਾ ਵੀ
ਚੈਨ ਨਹੀਂ
ਇੱਕ ਦਮ ਇਕੱਲਾ
ਦਿਸੇ ਨਾ ਆਸ
ਦਰਦ ਦਾ ਦਾਸ
ਮੈਂ ਬੜਾ ਉਦਾਸ

ਇਹ ਪੈਂਡਾ ਲੰਮਾ
ਨਹੀਂ ਮੁੱਕਦਾ
ਨਾ ਮੈਂ ਮੁੱਕਾਂ
ਨਾ ਇਹ ਮੁੱਕਦਾ
ਨਾ ਮੁਕਦੀਆਂ ਵਾਟਾਂ
ਨਾ ਬੁਝੇ ਪਿਆਸ
ਦਰਦ ਦਾ ਦਾਸ
ਮੈਂ ਬੜਾ ਉਦਾਸ

## ਜਾਨ ਦਾ ਤੋਹਫ਼ਾ

ਦੋ ਪਲ ਸਰ੍ਹਾਣੇ ਬਹਿ ਜਾ,
ਮੇਰੇ ਦਿਲ 'ਤੇ ਭਾਰੀ ਪੈ ਜਾ,
ਤੇ ਮੇਰੀ ਜਾਨ ਦਾ ਤੋਹਫ਼ਾ ਲੈ ਜਾ।

ਮੈਂ ਗਿਣਦਾ ਤਰੀਕਾਂ ਰਿਹਾ,
ਮੈਂ ਕਰਦਾ ਉਡੀਕਾਂ ਰਿਹਾ,
ਬਹਿ ਜਾ ਮੇਰੀ ਬੁੱਕਲ 'ਚ,
ਤੂੰ ਮੇਰੀ ਹੋ ਕੇ ਰਹਿ ਜਾ,
ਤੇ ਮੇਰੀ ਜਾਨ ਦਾ ਤੋਹਫ਼ਾ ਲੈ ਜਾ।

ਮੈਂ ਕਰਦਾ ਪਿਆਰ ਤੈਨੂੰ,
ਨਾ ਕਰ ਇਨਕਾਰ ਮੈਨੂੰ,
ਨਾ 'ਕੱਲਾ ਜਾਈਂ ਛੱਡ ਕੇ,
ਤੂੰ ਮੈਨੂੰ ਨਾਲ ਲੈ ਜਾ,
ਤੇ ਮੇਰੀ ਜਾਨ ਦਾ ਤੋਹਫ਼ਾ ਲੈ ਜਾ।

ਦੂਰ ਚਲਾ ਜਾਵਾਂ ਇੱਥੋਂ,
ਮੁੜ ਕੇ ਨਾ ਆਵਾਂ ਜਿੱਥੋਂ,
ਮਾਰ ਕੋਈ ਤੀਰ ਐਸਾ,
ਕਹਿਰ ਬਣ ਢਹਿ ਜਾ,
ਤੇ ਮੇਰੀ ਜਾਨ ਦਾ ਤੋਹਫ਼ਾ ਲੈ ਜਾ।

ਬੱਸ ਤੇਰਾ ਹੀ ਦੀਵਾਨਾ ਮੈਂ,
ਇਸ ਜਗ ਤੋਂ ਬੇਗ਼ਾਨਾ ਮੈਂ,
ਸੁਣ ਮੌਤ ਰਾਣੀਏ ਨੀਂ,
ਰਾਜਾ ਮੈਨੂੰ ਕਹਿ ਜਾ,
ਤੇ ਮੇਰੀ ਜਾਨ ਦਾ ਤੋਹਫ਼ਾ ਲੈ ਜਾ।

## ਉਹ ਮੇਰਾ ਨਹੀਂ ਸੀ

ਕੀ ਲੱਭਦੀ ਰਹਿੰਦੀ ਹੈ ਮੇਰੀ ਅੱਖ
ਸ਼ਾਇਦ ਕੁਝ ਗੁਆਚ ਗਿਆ ਹੈ
ਸ਼ਾਇਦ ਉਸ ਦੇ ਬਿਨ ਹੀ ਹੈ
ਇਹ ਵੱਢ ਖਾਣੀ ਸੁੰਨ-ਮਸਾਨ
ਚਾਰੇ ਪਾਸੇ ਪੱਸਰੀ ਹੋਈ ਹਨੇਰ
ਅੱਖ ਵਿੱਚ ਖਾਰਾ ਪਾਣੀ
ਇਹ ਕੰਧਾਂ
ਜੋ ਵੱਢ ਖਾਣ ਨੂੰ ਆਉਂਦੀਆਂ ਨੇ
ਸ਼ਾਇਦ ਉਸ ਦੇ ਬਿਨ ਹੀ ਹੈ
ਪਰ ਮੈਨੂੰ ਉਹ ਲੱਭਦਾ ਕਿਉਂ ਨਹੀਂ
ਸ਼ਾਇਦ ਉਹ ਹੀ ਨਹੀਂ ਚਾਹੁੰਦਾ
ਕਿ ਮੈਂ ਉਸ ਨੂੰ ਲੱਭ ਲਵਾਂ
ਪਰ ਕਿਉਂ ਹੈ ਉਹ ਮੇਰੇ ਤੋਂ ਦੂਰ
ਹਾਂ ਸੱਚ, ਗੁਆਚਾ ਤਾਂ ਹੈ ਉਹ
ਯਾਦ ਆ ਗਿਆ
ਪਰ ਸ਼ਾਇਦ
ਉਹ ਮੇਰਾ ਨਹੀਂ ਸੀ।

## ਲੰਮੀਆਂ ਵਾਟਾਂ

ਇਹ ਕਾਲ਼ੀ ਰਾਤ ਹੈ ਜ਼ਿੰਦਗੀ ਦੀ ਮੈਨੂੰ ਵੱਢ ਖਾਂਦੀ,
ਦਰਦਾਂ ਦੇ ਤਾਰੇ ਸਿਰ ’ਤੇ ਟਿਮਟਿਮਾਉਂਦੇ ਨੇ।
ਤੁਰਿਆ ਜਾਂਦਾ ਹਾਂ ਮੈਂ ਪਤਾ ਨਹੀਂ ਕਿਸ ਰਾਹ ’ਤੇ,
ਅਨਜਾਣ ਕਦਮਾਂ ਨੂੰ ਰਸਤੇ ਵੀ ਨਜ਼ਰ ਨਹੀਂ ਆਉਂਦੇ ਨੇ।

ਊਬੜ-ਖਾਬੜ ਰਸਤਿਆਂ ’ਤੇ ਚੱਲ ਰਿਹਾ ਹਾਂ ਫਿਰ ਵੀ,
ਤੁਰੀ ਜਾਣ ਦੇ ਉਬਾਲ਼ ਮੇਰੇ ਦਿਲ ਵਿੱਚ ਆਉਂਦੇ ਨੇ।
ਥੱਕ ਚੁੱਕਾ ਹਾਂ, ਅੱਕ ਚੁੱਕਾ ਹਾਂ, ਇਹਨਾਂ ਲੰਮੀਆਂ ਵਾਟਾਂ ਤੋਂ,
ਪਰ ਪਤਾ ਨਹੀਂ ਕਿਹੜੇ ਸੁਪਨੇ ਤੁਰਨ ਲਈ ਲਲਚਾਉਂਦੇ ਨੇ।

ਇਸ ਰਸਤੇ ਵਿੱਚ ਟੋਇਆਂ, ਕੰਕਰਾਂ ਤੇ ਕੰਡਿਆਂ ਦੀ ਪਰਵਾਹ ਨਹੀਂ,
ਭਾਵੇਂ ਕਿ ਇਹ ਇਸ ਜਿੰਦ ਨਿਮਾਣੀ ਨੂੰ ਬੜਾ ਡਰਾਉਂਦੇ ਨੇ।
ਇੱਕ ਧੁੰਦਲਾ ਜਿਹਾ ਮਕਸਦ ਹੈ ਇਸ ਦਿਲ ਵਿੱਚ,
ਤੇ ਕਈ ਚਾਅ ਹਾਲੇ ਤੱਕ ਵੀ ਜਿਉਂਦੇ ਨੇ।

ਸੁੰਨ-ਸਾਨ ਵਿੱਚ ਖ਼ੁਦ ਨਾਲ਼ ਗੱਲਾਂ ਕਰਦਾ ਤੁਰਦਾ ਹਾਂ,
ਫੈਲੇ ਦੂਰ ਤੱਕ ਵੀਰਾਨੇ ਹੌਂਸਲੇ ਨੂੰ ਅਜ਼ਮਾਉਂਦੇ ਨੇ।
ਇਹਨਾਂ ਹਨੇਰਿਆਂ ਵਿੱਚ ਮੰਜ਼ਿਲ ਗੁਆਚ ਗਈ ਮੇਰੀ,
ਮੰਜ਼ਿਲ ਲੱਭਣ ਦੇ ਉਬਾਲ ਤੁਰਨ ਲਈ ਉਕਸਾਉਂਦੇ ਨੇ।

## ਕਿੰਨੇ ਚਿਰ ਤਾਈਂ

ਕਿੰਨੇ ਚਿਰ ਤਾਈਂ
ਦੱਸੋ ਕਿੰਨੇ ਚਿਰ ਤਾਈਂ
ਹਿੱਜਰਾਂ ਦੀਆਂ ਮਾਰਾਂ ਖਾਵਾਂਗਾ
ਇਹ ਕਿੰਨਾ ਚਿਰ ਮਾਰਾਂ ਪੈਣਗੀਆਂ
ਕਿੰਨਾ ਚਿਰ ਅੱਖੀਆਂ ਵਹਿਣਗੀਆਂ
ਖ਼ੁਦ ਨੂੰ ਬਲਾਉਂਦਾ
ਖੁਦ ਦਾ ਅਪਮਾਨ ਕਰ
ਬਦਨਾਮ ਕਰ, ਸ਼ੀਸ਼ੇ ਮੂਹਰੇ
ਖ਼ੁਦ ਨੂੰ ਸਲਾਹੁੰਦਾ
ਬੇ-ਹੋਸ਼ਾ ਜਿਹਾ
ਅੱਧ ਮਰਿਆ ਜਿਹਾ
ਕਿੰਨਾ ਚਿਰ
ਮਰਦਾ ਰਹਿ ਜਾਵਾਂਗਾ।

ਕਿੰਨੇ ਚਿਰ ਤਾਈਂ
ਦੁੱਖ ਸਹਿ-ਸਹਿ
ਪਲ-ਪਲ ਮਰ ਕੇ
ਸਾਹਾਂ ਨੂੰ ਹਰ ਕੇ
ਇਸ ਦੁਨੀਆਂ ਬੁਰੀ ਨੂੰ
ਅਲਵਿਦਾ ਕਹਿ ਜਾਵਾਂਗਾ
ਦੱਸੋ ਕਿੰਨੇ ਚਿਰ ਤਾਈਂ
ਹਿੱਜਰਾਂ ਦੀਆਂ ਮਾਰਾਂ ਖਾਵਾਂਗਾ।

## ਮੈਂ ਐਸਾ ਮਜਬੂਰ

ਅੱਜ ਮੈਂ ਐਸਾ ਮਜਬੂਰ ਹੋਇਆ,
ਕਿ ਆਪਣੇ ਆਪ ਤੋਂ ਦੂਰ ਹੋਇਆ।
ਕੁਝ ਪਤਾ ਨਹੀਂ ਸੀ ਉਸ ਖੇਡ ਦਾ,
ਮੈਨੂੰ ਐਸਾ ਸੀ ਗ਼ਰੂਰ ਹੋਇਆ।

ਦਰਦ ਸਹਿ ਹੋਇਆ ਨਾ ਜ਼ਰ ਹੋਇਆ,
ਨਾ ਡਰ ਕੇ ਅੰਦਰ ਵੜ ਹੋਇਆ।
ਮਾਰ ਦੇਵਾਂ ਮੈਂ ਆਪਣੇ ਆਪ ਨੂੰ,
ਮੈਥੋਂ ਐਨਾ ਵੀ ਨਾ ਕਰ ਹੋਇਆ।

ਜਦ ਮੇਰਾ ਹੀ ਕੋਈ ਸ਼ੈਤਾਨ ਹੋਇਆ,
ਮੈਂ ਹੱਦੋਂ ਵੱਧ ਕੇ ਹੈਰਾਨ ਹੋਇਆ।
ਨਾ ਆਏ ਚੀਰੇ ਨਾ ਹੋਏ ਜ਼ਖ਼ਮ,
ਮੈਂ ਫੇਰ ਵੀ ਲਹੂ-ਲੁਹਾਣ ਹੋਇਆ।

ਇੱਕ ਬੇ-ਵਫ਼ਾ ਵੱਲੋਂ ਇਨਾਮ ਹੋਇਆ,
ਮੇਰੇ ਇਸ਼ਕ ਦਾ ਦਰਦ ਅੰਜਾਮ ਹੋਇਆ।
'ਵੇ ਆਇਆ ਨਾ ਤੈਨੂੰ ਇਸ਼ਕ ਬੇ-ਕਦਰਾ',
ਅੱਜ ਮੇਰੇ 'ਤੇ ਇਲਜ਼ਾਮ ਹੋਇਆ।

ਇੱਕ ਐਸਾ ਇਸ਼ਕ ਦਾ ਵਾਰ ਹੋਇਆ,
ਸੀਨੇ ਤੀਰ ਹਿੱਜਰਾਂ ਦਾ ਪਾਰ ਹੋਇਆ,
ਮੈਂ ਹੀ ਦੇਖਾਂ ਮੇਰੀ ਲਾਸ਼ ਨੂੰ,
ਬੈਠਾ ਆਪਣੇ ਆਪ 'ਚੋਂ ਬਾਹਰ ਹੋਇਆ।

## ਬੇ-ਆਸ ਜਿਹਾ

ਦਿਲ ਵਿੱਚ ਜੋਸ਼ ਹੁਲਾਰੇ ਖਾਂਦਾ ਸੀ,
ਮੈਂ ਅੰਬਰਾਂ ਵਿੱਚ ਉੱਡਦਾ ਜਾਂਦਾ ਸੀ।
ਉਹ ਮੰਜ਼ਿਲ ਪਾਉਣ ਦੀ ਚਾਹਤ ਤੋਂ,
ਨਿਰਾਸ਼ ਜਿਹਾ ਹੋ ਕੇ ਮੁੜ ਚੱਲਾਂ ਹਾਂ,
ਲੱਖ ਆਸਾਂ ਲੈ ਘਰੋਂ ਤੁਰਿਆ ਸੀ,
ਬੇ-ਆਸ ਜਿਹਾ ਹੋ ਕੇ ਮੁੜ ਚੱਲਾ ਹਾਂ।

ਕੁਝ ਐਸੇ ਪੱਤਰੇ ਵਾਚ ਗਏ,
ਕਿ ਚਾਅ ਤਾਂ ਕਿਤੇ ਗੁਆਚ ਗਏ।
ਸੱਧਰਾਂ ਵੀ ਕਿਤੇ ਸੜ-ਬਲ ਗਈਆਂ,
ਉਦਾਸ ਜਿਹਾ ਹੋ ਕੇ ਮੁੜ ਚੱਲਾ ਹਾਂ।
ਲੱਖ ਆਸਾਂ ਲੈ ਘਰੋਂ ਤੁਰਿਆ ਸੀ,
ਬੇ-ਆਸ ਜਿਹਾ ਹੋ ਕੇ ਮੁੜ ਚੱਲਾ ਹਾਂ।

ਥੱਕ ਹਾਰ ਕੇ ਢਹਿ ਗਿਆ ਹਾਂ,
ਹੰਝੂ ਬਣ ਕੇ ਵਹਿ ਗਿਆ ਹਾਂ।
ਆਪਣੇ ਹੀ ਭਟਕੇ ਕਦਮਾਂ ਤਾਂ,
ਨਾਰਾਜ਼ ਜਿਹਾ ਹੋ ਕੇ ਮੁੜ ਚੱਲਾ ਹਾਂ।
ਲੱਖ ਆਸਾਂ ਲੈ ਘਰੋਂ ਤੁਰਿਆ ਸੀ,
ਬੇ-ਆਸ ਜਿਹਾ ਹੋ ਕੇ ਮੁੜ ਚੱਲਾ ਹਾਂ।

ਇਸ਼ਕ-ਮੁਹੱਬਤ ਰਾਸ ਨਾ ਆਏ,
ਇਹਨਾਂ ਵਿੱਚੋਂ ਬਸ ਗ਼ਮ ਹੀ ਪਾਏ।
ਦਿਲ 'ਚ ਸਮੇਟੀਆਂ ਯਾਦਾਂ ਦਾ ਮੈਂ,
ਦਾਸ ਜਿਹਾ ਹੋ ਕੇ ਮੁੜ ਚੱਲਾ ਹਾਂ।
ਲੱਖ ਆਸਾਂ ਲੈ ਘਰੋਂ ਤੁਰਿਆ ਸੀ,
ਬੇ-ਆਸ ਜਿਹਾ ਹੋ ਕੇ ਮੁੜ ਚੱਲਾ ਹਾਂ।

## ਕਠਪੁਤਲੀ

ਅੱਜ ਖੜ੍ਹਾ ਏ ਮੇਰਾ ਇਸ਼ਕ, ਹਿੱਜਰਾਂ ਦੀ ਦਹਿਲੀਜ਼ ਉੱਤੇ,
ਹਾਲੇ ਇਸ ਦਿਲ ਨੇ ਲੱਖ ਦੁੱਖਾਂ ਨੂੰ ਹੱਸ ਕੇ ਜ਼ਰਨਾ ਹੈ।

ਮੈਂ ਉੱਡਦੀ ਪਤੰਗ ਅਸਮਾਨ ਵਿੱਚ, ਤੇਰੇ ਹੱਥ ਵਿੱਚ ਮੇਰੀ ਡੋਰ,
ਕਰ ਫੈਸਲਾ ਡੋਰ ਮੇਰੀ ਦਾ, ਛੱਡਦੀ ਏ ਕਿ ਮੈਨੂੰ ਫੜਨਾ ਹੈ।

ਤੂੰ ਮੇਰਾ ਮਾਲਕ ਏਂ, ਮੈਂ ਤੇਰੇ ਹੱਥ ਦੀ ਕਠਪੁਤਲੀ ਹਾਂ,
ਉਂਗਲਾਂ ’ਤੇ ਨਚਾ ਮੈਨੂੰ, ਤੂੰ ਜੋ ਕਹੇਂਗਾ ਮੈਂ ਕਰਨਾ ਹੈ।

ਜੋ ਤੂੰ ਕਰੇਂਗਾ ਮੈਂ ਕਰਾਂਗੀ ਤੇ ਉਹਨੂੰ ਆਪਣੀ ਜ਼ਿੰਦਗੀ ਮੰਨਾਂਗੀ,
ਤੂੰ ਰੱਬ ਏਂ ਮੇਰਾ, ਮੈਂ ਤੇਰਿਆਂ ਬੋਲਾਂ ਨੂੰ ਪਲਕਾਂ ’ਤੇ ਧਰਨਾ ਹੈ।

ਮੰਨ ਲਊਂਗੀ ਮੈਂ ਤੇਰਿਆਂ ਬੋਲਾਂ ਨੂੰ ਹੱਥ ਦੀ ਲਕੀਰ,
ਪਰ ਦੇਖੀਂ, ਤੇਰਿਆਂ ਬੋਲਾਂ ਨੇ ਮੇਰੇ ਸਾਹਾਂ ਦਾ ਫੈਸਲਾ ਕਰਨਾ ਹੈ।

## ਯਾਰੋ ਦੁਆ ਕਰੋ

ਸਭ ਦੁੱਖ ਦਿਲ 'ਚੋਂ ਕੱਢ ਜਾਵਾਂ,
ਮੈਂ ਆਪਣੇ ਆਪ ਨੂੰ ਛੱਡ ਜਾਵਾਂ,
ਮੈਂ ਭੁਰਦਾ-ਭੁਰਦਾ ਭੁਰ ਜਾਵਾਂ,
ਯਾਰੋ ਦੁਆ ਕਰੋ,
ਕਿ ਮੈਂ ਤੁਰਦਾ-ਤੁਰਦਾ ਤੁਰ ਜਾਵਾਂ।

ਮੈਂ ਏਨੀਆਂ ਦੂਰੀਆਂ ਤੱਕ ਜਾਵਾਂ,
ਕਿ ਤੁਰਦਾ-ਤੁਰਦਾ ਥੱਕ ਜਾਵਾਂ,
ਦੋ ਪਲ ਥੱਕ ਕੇ ਬਹਿ ਜਾਵਾਂ,
ਯਾਰੋ ਦੁਆ ਕਰੋ,
ਕਿ ਜਗ ਨੂੰ ਅਲਵਿਦਾ ਕਹਿ ਜਾਵਾਂ।

ਮੈਂ ਮੌਤ ਦੀ ਚੱਕੀ ਪਿਸ ਜਾਵਾਂ,
ਰਾਹ ਦੂਰ ਹੋਵੇ ਮੈਂ ਜਿਸ ਜਾਵਾਂ,
ਟੁੱਟ ਕੇ ਹੋ ਮੈਂ ਚੂਰ ਜਾਵਾਂ,
ਯਾਰੋ ਦੁਆ ਕਰੋ,
ਕਿ ਮੈਂ ਏਨੀ ਦੂਰ ਜਾਵਾਂ।

ਮੈਂ ਹੰਝੂ ਬਣ ਕੇ ਡੁੱਲ੍ਹ ਜਾਵਾਂ,
ਕਿਸੇ ਭੇਤ ਦੇ ਵਾਂਗੂੰ ਖੁੱਲ ਜਾਵਾਂ,
ਕਿਸੇ ਵਾਂਗ ਖਜ਼ਾਨੇ ਲੁੱਟ ਜਾਵਾਂ,
ਯਾਰੋ ਦੁਆ ਕਰੋ,
ਕਿ ਮੈਂ ਸ਼ੀਸ਼ੇ ਵਾਂਗਰ ਟੁੱਟ ਜਾਵਾਂ।

ਸਾਹਾਂ ਦੀ ਤੰਦ ਮੈਂ ਕੱਟ ਦੇਵਾਂ,
ਫਿਰ ਆਪਣੀ ਕਬਰ ਹੀ ਪੱਟ ਦੇਵਾਂ,
ਸਭ ਘਾਟੇ ਪੂਰੇ ਕਰ ਜਾਵਾਂ,
ਯਾਰੋ ਦੁਆ ਕਰੋ,
ਕਿ ਮੈਂ ਤੜਫਣ ਨਾਲ਼ੋਂ ਮਰ ਜਾਵਾਂ।

ਮੈਂ ਸਧਰਾਂ ਵਾਂਗਰ ਜਲ਼ ਜਾਵਾਂ,
ਮੈਂ ਚਾਵਾਂ ਵਾਂਗਰ ਬਲ਼ ਜਾਵਾਂ,
ਮੈਂ ਖ਼ੁਦ ਦੀ ਚਿਤਾ ਬਣਾ ਲਵਾਂ,
ਯਾਰੋ ਦੁਆ ਕਰੋ,
ਕਿ ਉੱਤੇ ਅੱਗ ਦੀ ਚਾਦਰ ਪਾ ਲਵਾਂ।

ਜਿਊਂਦੇ ਰਹਿਣ ਜੋ ਨਾਲ਼ ਮੇਰੇ ਮਰਦੇ ਸੀ,
ਭੁੱਲ ਜਾਣ ਜੋ ਯਾਦ ਮੈਨੂੰ ਕਰਦੇ ਸੀ,
ਉਹਨਾਂ ਦੇ ਅੱਖੋਂ ਹੰਝੂ ਨਾ ਵਗਣ,
ਯਾਰੋ ਦੁਆ ਕਰੋ,
ਕਿ ਮੇਰੇ ਬਾਕੀ ਦੇ ਸਾਹ ਉਹਨਾਂ ਨਾਂ ਲੱਗਣ।

ਮੈਂ ਹਿੱਜਰਾਂ ਦੇ ਵਿੱਚ ਗੁੰਮ ਜਾਵਾਂ,
ਮੈਂ ਪੈਰ ਮੌਤ ਦੇ ਚੁੰਮ ਜਾਵਾਂ,
ਮੈਂ ਆਪਣਾ ਆਪ ਹੀ ਖੋ ਜਾਵਾਂ,
ਯਾਰੋ ਦੁਆ ਕਰੋ,
ਕਿ ਮੈਂ ਐਸੀ ਨੀਂਦਰ ਸੌਂ ਜਾਵਾਂ।

## ਕਿਸੇ ਦੀ ਖਾਤਿਰ

ਕਿਸੇ ਦੀਆਂ ਖ਼ੁਸ਼ੀਆਂ ਦੀ ਖਾਤਿਰ,
ਮੈਂ ਆਪਣਾ ਹਾਸਾ ਕੁਰਬਾਨ ਕਰਦਾ ਰਿਹਾ।
ਕਿਸੇ ਹੋਰ ਵਿਹੜੇ ਬਹਾਰ ਦੇਖਣ ਲਈ,
ਮੈਂ ਆਪਣਾ ਵਿਹੜਾ ਵੀਰਾਨ ਕਰਦਾ ਰਿਹਾ।

ਜਦੋਂ ਸੱਧਰਾਂ ਨੇ ਪਾਇਆ ਚਿੱਟਾ ਕਫ਼ਨ,
ਪਰ ਮੈਂ ਇਤਮੀਨਾਨ ਕਰਦਾ ਰਿਹਾ।
ਮੇਰੇ ਦਿਲ  ਵਿੱਚ ਬਲ਼ੀ ਚਿਤਾ ਸੱਧਰਾਂ ਦੀ,
ਪਰ ਬੁੱਲੀਆਂ ’ਤੇ ਮੁਸਕਾਨ ਧਰਦਾ ਰਿਹਾ।

ਜਦੋਂ ਉੱਠੀ ਸੀ ਅਰਥੀ ਸੱਧਰਾਂ ਦੀ,
ਹੁੰਦਾ ਆਪਣੇ ਨਾਲ ਪ੍ਰਵਾਨ ਕਰਦਾ ਰਿਹਾ।
ਮੇਰਾ ਦਿਲ ਸੱਧਰਾਂ ਦਾ ਸੋਗ ਮਨਾ,
ਮੇਰੇ ’ਤੇ ਅਹਿਸਾਨ ਕਰਦਾ ਰਿਹਾ।

ਸੀ ਸੱਧਰਾਂ ਦੀ ਚਿਤਾ ਨੂੰ ਅੱਗ ਲੱਗੀ,
ਪਰ ਮੈਂ ਖ਼ੁਸ਼ੀਆਂ ਦਾ ਐਲਾਨ ਕਰਦਾ ਰਿਹਾ।
ਤੇ ਰਾਤੀਂ ਅੱਖੀਆਂ ਵਿੱਚ ਵੱਸਦੇ ਹੰਝੂਆਂ ਨੂੰ,
ਯਾਦਾਂ ਨਾਲ਼ ਪਰੇਸ਼ਾਨ ਕਰਦਾ ਰਿਹਾ।

ਜੋ ਖ਼ੁਸ਼ੀਆਂ ਮੇਰੀਆਂ ਹੋਣੀਆਂ ਨਹੀਂ ਸੀ,
ਉਹਨਾਂ ’ਤੇ ਐਵੇਂ ਗ਼ੁਮਾਨ ਕਰਦਾ ਰਿਹਾ।
ਇਹ ਦਿਲ ਧੜਕਣੋਂ ਨਾ ਬੰਦ ਹੋਇਆ,
ਬੜਾ ਸਾਹਾਂ ਨੂੰ ਲਹੂ-ਲੁਹਾਣ ਕਰਦਾ ਰਿਹਾ।

## ਬਹਾਰ

ਇੱਕ ਵਿਹੜੇ ਮੇਰੇ ਆਈ ਸੀ,
ਬਹਾਰ ਜਿਹੀ।
ਵਗ਼ਦੇ ਹੋਏ ਪਾਣੀਆਂ ਦੀ,
ਧਾਰ ਜਿਹੀ।
ਕੁਝ ਵੱਖਰੇ ਅਜੀਬ ਜਿਹੇ,
ਰਾਗ਼ ਛਿੜ ਗਏ।
ਕੁਝ ਮਨ ਲਲਚਾਉਂਦੇ ਜਿਹੇ,
ਫੁੱਲ ਖਿੜ ਗਏ।
ਕੁਝ ਵੱਖਰੀ ਤਰ੍ਹਾਂ ਦੀ,
ਹਵਾ ਚੱਲ ਗਈ।
ਇੱਕ ਖੁਸ਼ਬੂ ਅਜੀਬ ਜਿਹੀ,
ਵਿਹੜਾ ਮੱਲ ਗਈ।
ਇਹਨਾਂ ਨੈਣਾਂ ਨੇ ਅਨੋਖੇ ਹੀ,
ਸੁਪਨੇ ਸਜਾਏ।
ਸੁਪਨੇ ਤਾਂ ਰਹਿ ਗਏ ਪਰ,
ਧਰੇ ਦੇ ਧਰਾਏ।
ਦਰਦਾਂ ਦੇ ਵਿੱਚ ਮੈਨੂੰ,
ਸੁੱਟ ਹੀ ਲਿਆ।
ਜਾਂਦੀ ਹੋਈ ਬਹਾਰ ਨੇ ਤਾਂ,
ਲੁੱਟ ਹੀ ਲਿਆ।
ਖੁਆਬਾਂ ਨੂੰ ਬਹਾਰ ਹੀ,
ਲੁਹਾਣ ਕਰ ਗਈ।
ਵਿਹੜਾ ਮੇਰਾ ਸਦਾ ਲਈ,
ਵੀਰਾਨ ਕਰ ਗਈ।

## ਖ਼ੁਸ਼ੀ

ਜਦ ਮੇਰੇ ਜਗਦੇ ਹੋਏ ਚਿਰਾਗ਼ ਬੁਝਾ ਕੇ,
ਕਿਸੇ ਨੇ ਆਪਣੇ ਘਰ ਵਿੱਚ ਰੌਸ਼ਨੀ ਕੀਤੀ,
ਤਾਂ ਇਹ ਵੇਖ ਕੇ ਮੈਨੂੰ ਖ਼ੁਸ਼ੀ ਵੀ ਹੋਈ,
ਕਿ ਮੇਰੇ ਚਿਰਾਗਾਂ ਦੀ ਮੌਤ ਕਿਸੇ ਦੇ ਕੰਮ ਆਈ।

ਜਦ ਮੇਰੀ ਖ਼ੁਸ਼ੀਆਂ ਨੂੰ ਕਤਲ ਕਰਕੇ,
ਕਿਸੇ ਨੇ ਆਪਣੀ ਖੁਸ਼ੀ ਵਿੱਚ ਵਾਧਾ ਕੀਤਾ,
ਤਾਂ ਇਹ ਵੇਖ ਕੇ ਮੈਨੂੰ ਖ਼ੁਸ਼ੀ ਵੀ ਹੋਈ,
ਕਿ ਮੇਰੀਆਂ ਖ਼ੁਸ਼ੀਆਂ ਦੀ ਮੌਤ ਕਿਸੇ ਦੇ ਕੰਮ ਆਈ।

ਜਦ ਮੇਰੀਆਂ ਸੱਧਰਾਂ ਨੂੰ ਮਾਰ ਕੇ,
ਕਿਸੇ ਨੇ ਆਪਣੀਆਂ ਸੱਧਰਾਂ ਨੂੰ ਨਵਾਂ ਰੰਗ ਦਿੱਤਾ,
ਤਾਂ ਇਹ ਮਹਿਸੂਸ ਕਰ ਕੇ ਮੈਨੂੰ ਖੁਸ਼ੀ ਹੋਈ,
ਕਿ ਮੇਰੀਆਂ ਸੱਧਰਾਂ ਦਾ ਲਹੂ ਕਿਸੇ ਦੇ ਕੰਮ ਆਇਆ।

ਜਦ ਮੇਰੇ ਚਾਵਾਂ ਨੂੰ ਉਮਰਾਂ ਦੀ ਕੈਦ ਵਿੱਚ ਪਾ ਕੇ,
ਕੋਈ ਆਪਣੇ ਚਾਵਾਂ ਨਾਲ ਅੰਬਰਾਂ 'ਚ ਉੱਡਣ ਲੱਗਾ,
ਤਾਂ ਇਹ ਵੇਖ ਕੇ ਮੈਨੂੰ ਖ਼ੁਸ਼ੀ ਵੀ ਹੋਈ,
ਕਿ ਮੇਰੇ ਚਾਵਾਂ ਦੀ ਗ਼ੁਲਾਮੀ ਕਿਸੇ ਦੇ ਕੰਮ ਆਈ।

ਜਦ ਮੈਂ ਮਰਿਆ ਅਰਥੀ 'ਤੇ ਪਿਆ ਹੋਵਾਂਗਾ,
ਉਦੋਂ ਕਿਸੇ ਦੇ ਬੁੱਲਾਂ ਵਿਚਲੀ ਮੁਸਕਾਨ ਮਹਿਸੂਸ ਕਰ,
ਮੇਰੀ ਰੂਹ ਇਹ ਦੇਖ ਕੇ ਖ਼ੁਸ਼ ਹੋਵੇਗੀ,
ਕਿ ਮੇਰੀ ਮੌਤ ਨਾਲ਼ ਹੀ ਸਹੀ, ਕਿਸੇ ਨੂੰ ਖ਼ੁਸ਼ੀ ਤਾਂ ਹੋਈ।

## ਪੀੜਾਂ ਦੀ ਪੰਡ

ਆਵੇ ਕੋਈ ਕਦੇ ਆਵੇ ਕੋਈ,
ਮੇਰੀ ਪੀੜਾਂ ਦੀ ਪੰਡ ਚੁਕਾਵੇ ਕੋਈ।
ਪੰਡ ਭਾਰੀ ਚੁੱਕੀ ਨਾ ਜਾਵੇ,
ਜ਼ਰਾ ਕੁ ਹੱਥ ਪੁਆਵੇ ਕੋਈ।

ਹਾਸਿਆਂ  ਪਿੱਛੇ ਸੀ ਕੋਰੇ ਧੋਖੇ,
ਮੇਰੇ ਵਾਂਗ ਨਾ ਧੋਖਾ ਖਾਵੇ ਕੋਈ।
ਜਿਵੇਂ ਮੁਕੱਦਰਾਂ ਮੈਨੂੰ ਮਾਰਿਆ,
ਇੰਝ ਕਦੇ ਨਾ ਮਰ ਜਾਵੇ ਕੋਈ।

ਜ਼ਿੰਦਗੀ ਐਸੀ ਖੇਡ ਖੇਡੀ ਕਿ,
ਹੁਣ ਨਾ ਮਨ ਨੂੰ ਭਾਵੇ ਕੋਈ।
ਆਪਣਾ ਪਰਛਾਵਾਂ ਦੇਖ ਕੇ ਲੱਗਦੈ,
ਗ਼ੈਰ ਖੜਾ ਮੇਰੇ ਸਾਹਵੇਂ ਕੋਈ।

ਦਿਲ ਤਾਂ ਬਸ ਉਡੀਕਾਂ ਕਰਦਾ,
ਐਸਾ ਨਸ਼ਾ ਲਿਆਵੇ ਕੋਈ।
ਸਭ ਪੀੜਾਂ ਨੂੰ ਭੁੱਲ ਜਾਵਾਂ ਮੈਂ,
ਐਸਾ ਮੈਨੂੰ ਨਸ਼ਿਆਵੇ ਕੋਈ।

ਮੈਨੂੰ ਕੱਢ ਲਵੇ ਮੇਰੇ ਵਿੱਚੋਂ,,
ਐਸ ਪ੍ਰਾਹੁਣਾ ਆਵੇ ਕੋਈ।
ਹੰਝੂਆਂ, ਵੈਣਾਂ ਦੀ ਮਹਿਕ ਨਾਲ਼,
ਮੇਰਾ ਵਿਹੜਾ ਮਹਿਕਾਵੇ ਕੋਈ।

## ਮਰਨ ਲਈ ਤਿਆਰ

ਦਿਲ ਦਿਆਂ ਦਰਦਾਂ ਤੋਂ ਹਾਰ ਕੇ,
ਜੀਣ ਦਾ ਹੌਸਲਾ ਮੈਂ ਹਾਰ ਬੈਠਾਂ ਹਾਂ।
ਪਹਿਲਾਂ ਮੈਨੂੰ ਜੀਣ ਦਾ ਸੀ ਚਾਅ ਬੜਾ,
ਹੁਣ ਤਾਂ ਮੈਂ ਮਰਨ ਲਈ ਤਿਆਰ ਬੈਠ ਹਾਂ।

ਦਰਦ ਦਾ ਬਾਗ਼ ਮੇਰੇ ਵਿਹੜੇ ਵਿੱਚ ਲੱਗਾ ਹੈ,
ਤੇ ਮੈਂ ਆਪਣੇ ਹੀ ਆਪੇ ਵਿੱਚੋਂ ਬਾਹਰ ਬੈਠਾ ਹਾਂ।
ਹੰਝੂਆਂ ਦੀ ਬਹਾਰ ਮੇਰੇ ਵਿਹੜੇ ਵਿੱਚ ਆਈ,
ਤੇ ਦਿਲ ਵਿੱਚ ਹੌਕੇ ਲੈ ਹਜ਼ਾਰ ਬੈਠਾ ਹਾਂ।

ਝੂਠੇ ਜਿਹੇ ਹਾਸਿਆਂ ਨੂੰ ਹੱਸ ਕੀ ਕਰਾਂ ?
ਦਿਲ ਦੀਆਂ ਸੱਧਰਾਂ ਹੀ ਮਾਰ ਬੈਠਾ ਹਾਂ।
ਖ਼ੁਸ਼ੀਆਂ ਤੇ ਹਾਸੇ ਮੇਰੇ ਖੰਭ ਲਾ ਕੇ ਉੱਡ ਗਏ,
ਅੰਤ ਗਮਾਂ ਨੂੰ ਕਰ ਸਵੀਕਾਰ ਬੈਠਾ ਹਾਂ।

ਦਰਦਾਂ ਭਰੀ ਇਸ ਜ਼ਿੰਦਗੀ ਤੋਂ ਅੱਕ ਕੇ,
ਚਿਤਾ ਨਾਲ਼ ਕਰ ਮੈਂ ਪਿਆਰ ਬੈਠਾ ਹਾਂ।
ਦੇਖ ਲਊਂਗਾ ਤੇਰੀ ਵੀ ਪ੍ਰਾਹੁਣਚਾਰੀ ਕਿਸੇ ਦਿਨ।
ਮੌਤ ਨਾਲ਼ ਕਰ ਇਕਰਾਰ ਬੈਠਾ ਹਾਂ।
ਪਹਿਲਾਂ ਮੈਨੂੰ ਜੀਣ ਦਾ ਸੀ ਚਾਅ ਬੜਾ
ਹੁਣ ਤਾਂ ਮੈਂ ਮਰਨ ਨੂੰ ਤਿਆਰ ਬੈਠਾ ਹਾਂ।

## ਯਾਰਾਂ ਦੀ ਮਹਿਫ਼ਲ

ਕੱਲ ਸਜਾਈ ਯਾਰਾਂ ਨੇ ਇੱਕ ਮਹਿਫ਼ਲ,
ਜਾਮ ਨਾਲ਼ ਜਾਮ ਟਕਰਾਉਣ ਲਈ।
ਵਿੰਗ-ਵਲੇਵੇਂ ਖਾਂਦੀ ਇਸ ਜ਼ਿੰਦਗ਼ੀ ਤੋਂ,
ਕੁਝ ਪਲਾਂ ਲਈ ਪਿੱਛਾ ਛੁਡਾਉਣ ਲਈ।

ਸਭ ਆਪਣੇ ਆਪਣੇ ਸੀ ਦੁੱਖੜੇ ਰੋਂਦੇ,
ਦੱਸਣ ਤਕਲੀਫਾਂ ਇੱਕੋ ਸਾਹ।
ਦਿਲ ਮੇਰਾ ਵੀ ਕਰਦਾ ਸੀ ਕਿ,
ਕੱਢ ਦਵਾਂ ਗੁੱਭ-ਘੁਲ਼ਾਟ ਅਸਗਾਹ।

ਮਨ ਮੇਰਾ ਵੀ ਕਰਦਾ ਸੀ,
ਜੋ ਦਿਲ ਵਿੱਚ ਮੈਂ ਬੋਲ ਦਿਆਂ।
ਦਿਲ ਦੇ ਦਰਦ ਨੂੰ ਅੱਖੀਆਂ ਰਾਹੀਂ,
ਟਿਪ-ਟਿਪ ਕਰਕੇ ਡੋਲ੍ਹ ਦਿਆਂ।

ਉਤਰਿਆਂ ਚਿਹਰਾ ਅੱਖੀਂ ਨਮ ਜਿਹੀ,
ਬੈਠਾ ਰਿਹਾ ਮੈਂ ਦੀਵਾਨਾ ਜਿਹਾ।
ਯਾਰ ਦੀ ਮਹਿਫਲ 'ਚ ਸ਼ਰੀਕ ਹੋਇਆ,
ਪਰ ਨਾ ਰਲ਼ਿਆ ਬੇਗ਼ਾਨਾ ਜਿਹਾ।

## ਬੂਹੇ ਬੰਦ

ਉਹਨਾਂ ਕਰ ਲਏ ਬੂਹੇ ਬੰਦ ਜੋ,
ਹੋ ਜਾਣੇ ਸੀ ਬੂਹੇ ਬੰਦ ਜੋ।
ਲੰਬੀ ਹੋ ਗਈ ਸੀ, ਸੰਭਾਲ਼ੀ ਨਾ ਗਈ,
ਤੇ ਟੁੱਟ ਗਈ ਪਿਆਰਾਂ ਦੀ ਤੰਦ ਜੋ,
ਉਹਨਾਂ ਕਰ ਲਏ ਬੂਹੇ ਬੰਦ ਜੋ।

ਦਿਲਾਂ 'ਚ ਕੋਹਾਂ ਲੰਬੀਆਂ ਦੂਰੀਆਂ ਨੇ,
ਦੂਰ ਰਹਿਣ ਦੀਆਂ ਮਜਬੂਰੀਆਂ ਨੇ,
ਪਹਿਲਾਂ ਤਾਂ ਦਿਸਦੇ ਰਹਿੰਦੇ ਸੀ,
ਪਰ ਹੁਣ ਨਜ਼ਰੀਂ ਨਾ ਪੈਂਦੇ ਨੀ,
ਉਹਦੇ ਮੋਤੀਆਂ ਚਿੱਟੇ ਦੰਦ ਜੋ,
ਉਹਨਾਂ ਕਰ ਲਏ ਬੂਹੇ ਬੰਦ ਜੋ।

ਉਹ ਮੈਨੂੰ ਮੇਰੇ ਵਿੱਚੋਂ ਹੀ ਕੱਢ ਗਏ ਨੇ,
ਅੱਧ-ਵਿਚਾਲੇ, ਡੁੱਬਦਾ ਛੱਡ ਗਏ ਨੇ,
ਮੈਥੋਂ ਹੋਰ ਤੁਰਿਆ ਵੀ ਨਹੀਂ ਜਾਂਦਾ,
ਤੇ ਪਿੱਛੇ ਮੁੜਿਆ ਵੀ ਨਹੀਂ ਜਾਂਦਾ,
ਇਹ ਬੜੇ ਕੰਡਿਆਲੇ ਪੰਧ ਜੋ,
ਉਹਨਾਂ ਕਰ ਲਏ ਬੂਹੇ ਬੰਦ ਜੋ।

ਕਿਉਂ ਗੁਆਚ ਗਏ ਉਹ ਦਿਨ ਕਿਧਰੇ,
ਕਿਤੇ ਮਰ ਨਾ ਜਾਵਾਂ ਉਹਦੇ ਬਿਨ ਕਿਧਰੇ।
ਨਾ ਲਾਉਣ ਇਹਨਾਂ ਦੀ ਸਾਂਗ ਕਿਤੇ,
ਇਹਨਾਂ ਬੂਹੇ-ਬਾਰੀਆਂ ਵਾਂਗ ਕਿਤੇ,
ਇਹ ਸਾਹ ਨਾ ਹੋ ਜਾਣ ਬੰਦ ਜੋ,
ਉਹਨਾਂ ਕਰ ਲਏ ਬੂਹ ਬੰਦ ਜੋ।

## ਕਿਉਂ

ਕਿਉਂ ਆਉਂਦਾ ਹੈ ਮੇਰੀ ਅੱਖ ਵਿੱਚ ਪਾਣੀ ਵਾਰ-ਵਾਰ,
ਕਿਉਂ ਚੇਤੇ ਆਉਂਦੀ ਹੈ ਉਹ ਦਰਦ ਕਹਾਣੀ ਵਾਰ-ਵਾਰ
ਕਿਉਂ ਵਾਰ-ਵਾਰ ਮਰਨ ਨੂੰ ਕਰਦਾ ਹੈ ਜੀਅ
ਜੀਣਾ ਵੀ ਹੈ ਪਲ-ਪਲ ਮਰ ਕੇ ਵੀ ਕੀ

ਕਿਉਂ ਮੈਨੂੰ ਮੇਰੀ ਸਫ਼ਾਈ 'ਚ ਕੁਝ ਦਿੱਤਾ ਨਹੀਂ ਕਹਿਣ
ਕਿਉਂ ਕੰਨਾਂ ਵਿੱਚ ਬੋਲ ਉਹਦੇ ਗੂੰਜਦੇ ਹੀ ਰਹਿਣ
ਤਾਰਿਆਂ ਦੇ ਨਾਲ ਕਿਉਂ ਜਾਗ ਪਾਵਾਂ ਬਾਤਾਂ ਮੈਂ
ਕਿਉਂ ਰੋਈਂ ਜਾਣਾਂ ਸੀਨੇ ਨਾਲ਼ ਲਾ ਕੇ ਸੌਗ਼ਾਤਾਂ ਮੈਂ

ਕਿਉਂ ਲੋੜ ਵੇਲੇ ਦੇਖਣੀ ਸੀ ਪਿੱਠ ਮੈਂ ਨਸੀਬਾਂ ਵਿੱਚ
ਕਿਉਂ ਖ਼ੁਸ਼ੀ ਵੀ ਨਹੀਂ ਆ ਕੇ ਖ਼ੁਸ਼ ਹੈ ਗ਼ਰੀਬਾਂ ਵਿੱਚ
ਕਿਉਂ ਹਰ ਪਲ ਲੱਗਦਾ ਹੈ ਮੌਤ ਵੀ ਨਹੀਂ ਆਉਂਦੀ ਮੈਨੂੰ
ਕਿਉਂ ਹਰ ਪਲ ਲੱਗਦਾ ਹੈ ਮੌਤ ਵੀ ਨਹੀਂ ਚਾਹੁੰਦੀ ਮੈਨੂੰ

ਕਿਉਂ ਆਪਣੇ ਹੀ ਆਪ ਨਾਲ਼ ਨਿੱਤ ਕਰਦਾ ਸਵਾਲ ਮੈਂ
ਤੇਰਾ ਆਉਣਾ ਨਾ ਜੋ ਕਦੇ ਵੀ ਕਿਉਂ ਉਡੀਕਦਾ ਜਵਾਬ ਮੈਂ
ਕਿਉਂ ਜ਼ਿੰਦਗੀ ਦਾ ਬੋਝ ਤੇਰੇ ਬਿਨ ਜ਼ਰ ਹੁੰਦਾ ਨਹੀਂ
ਕਿਉਂ ਹਰ ਰੋਜ਼ ਮਰਦਾ ਹਾਂ ਪਰ ਮਰ ਹੁੰਦਾ ਨਹੀਂ

ਕਿਉਂ ਪਿਆਰ ਵਿੱਚ ਪਿਆਰ ਨਾਲ਼ੋਂ ਵੱਧ ਪਈਆਂ ਦੂਰੀਆਂ,
ਮਾਰ ਗਈਆਂ ਰੀਤਾਂ ਮੈਨੂੰ ਤੇ ਕੁਝ ਮਜਬੂਰੀਆਂ
ਜੇ ਤੇਰੇ ਦਿਲ 'ਚ ਪਿਆਰ ਹੁੰਦਾ ਤੇ ਪੱਕਾ ਇਕਰਾਰ ਹੁੰਦਾ
ਤੇ ਹੱਸਦਾ-ਖੇਡਦਾ 'ਜਸਵੀਰ' ਅੱਜ ਮਰਨ ਨੂੰ ਨਾ ਤਿਆਰ ਹੁੰਦਾ।

## ਕਦੇ-ਕਦੇ

ਕਦੇ-ਕਦੇ ਦਿਲ ਕਰਦਾ ਮੇਰਾ,
ਕਮਰੇ ਵਿੱਚ ਕਰਾਂ ਖ਼ੂਬ ਹਨੇਰਾ।
ਯਾਦਾਂ ਵਿੱਚ ਕਿਤੇ ਖੋਈ ਜਾਵਾਂ,
'ਕੱਲਾ ਬਹਿ ਕੇ ਰੋਈ ਜਾਵਾਂ।

ਕਦੇ-ਕਦੇ ਦਿਲ ਕਰਦਾ ਮੇਰਾ,
ਬੀਆਬਾਨ ਵਿੱਚ ਬਹਿ ਜਾਵਾਂ।
ਬੀਆਬਾਨ ਵਿੱਚ ਐਸਾ ਬੈਠਾਂ,
ਬਸ, ਬੈਠਾ ਹੀ ਰਹਿ ਜਾਵਾਂ।

ਕਦੇ-ਕਦੇ ਦਿਲ ਕਰਦਾ ਮੇਰਾ,
ਨਾਲ ਪਰਿੰਦਿਆਂ ਉੱਡ ਜਾਵਾਂ।
ਤਨੋਂ ਮਨੁੱਖੀ ਬਾਣਾ ਲਾ ਕੇ,
ਨਾਲ ਕੀੜਿਆਂ ਖੁੱਡ ਜਾਵਾਂ।

ਕਦੇ-ਕਦੇ ਦਿਲ ਕਰਦਾ ਮੇਰਾ,
ਅੰਬਰਾਂ ਨੂੰ ਮੈਂ ਫੜ ਜਾਵਾਂ।
ਚਿਤਾ ਦੀ ਕੋਈ ਲੋੜ ਪਵੇ ਨਾ,
ਐਸੀ ਅੱਗ ਵਿੱਚ ਸੜ ਜਾਵਾਂ।

ਕਦੇ-ਕਦੇ ਦਿਲ ਕਰਦਾ ਮੇਰਾ,
ਦਿਲ ਦੀਆਂ ਦਿਲ 'ਚੋਂ ਕੱਢ ਜਾਵਾਂ।
'ਅਲਵਿਦਾ' ਕਹਿ ਕੇ ਤੁਰਨ ਵੇਲ਼ੇ,
ਤੇ ਇਸ ਦੁਨੀਆਂ ਨੂੰ ਛੱਡ ਜਾਵਾਂ।

## ਦਰਦ ਕਿੰਨੇ ਬੇ-ਦਰਦ

ਇੱਕ ਮੈਂ
ਤੇ ਦੂਜੇ ਦਰਦ ਮੇਰੇ
ਮੈਂ ਇਹਨਾਂ ਕੋਲ਼
ਇਹ ਮੇਰੇ ਕੋਲ਼
ਕਦੇ ਇਹ ਸੁਣਦੇ
ਕਦੇ ਮੈਂ ਸੁਣਦਾ
ਇੱਕ ਦੂਜੇ ਦੇ ਬੋਲੇ ਬੋਲ
ਕਦੇ ਇਹ ਹੱਸਦੇ
ਕਦੇ ਮੈਂ ਹੱਸਦਾ
ਜਦ ਇਹ ਹੱਸਦੇ
ਤਾਂ ਸਮਾਂ ਹੱਸਣ ਦਾ
ਹੁੰਦਾ ਨਹੀਂ ਮੇਰੇ ਕੋਲ਼।

ਕਦੇ ਮੈਂ ਰੁੱਸਾਂ
ਕਦੇ ਇਹ ਰੁੱਸੇ
ਕਦੇ ਮੈਂ ਗੁੱਸੇ
ਕਦੇ ਇਹ ਗੁੱਸੇ
ਜਦ ਇਹ ਗੁੱਸੇ
ਤਾਂ ਦਿਲ ਦੇ ਦਰਦ ਨੂੰ ਅੱਖਾਂ ਰਾਹੀਂ
ਟਿਪ-ਟਿਪ ਕਰ ਮੈਂ ਦਿੰਦਾ ਡੋਲ੍ਹ।

ਕਦੇ-ਕਦੇ ਬਹਿ ਸੋਚਾਂ ਮੈਂ
ਦਰਦ ਕਿੰਨੇ ਬੇ-ਦਰਦ ਮੇਰੇ
ਇੱਕ ਮੈਂ
ਤੇ ਦੂਜੇ ਦਰਦ ਮੇਰੇ।

## ਮਾਏਂ ਮੇਰੀਏ

ਮਾਏਂ ਨੀ ਮਾਏਂ ਮੇਰੀਏ,
ਮੈਂ ਇਹ ਕੇਹਾ ਲੇਖ ਲਿਖਾਇਆ ਨੀ।
ਜ਼ਮਾਨੇ ਭਰ ਦੇ ਦੁੱਖਾਂ ਨੂੰ,
ਝੋਲ਼ੀ ਵਿੱਚ ਪੁਆਇਆ ਨੀ।
ਕਿਉਂ ਉੱਡਦੇ ਜਾਂਦੇ ਨਾਲ਼ ਪੰਛੀਆਂ,
ਕਿਉਂ ਯਾਰਾਨਾ ਪਾਇਆ ਨੀ।
ਉਹਨਾਂ ਫੂਕੀਆਂ ਦਿਲ ਦੀਆਂ ਸੱਧਰਾਂ,
ਜਿਹਨਾਂ ਹੱਥੀਂ ਚੋਗ਼ ਚੁਗ਼ਾਇਆ ਨੀ।
ਵਹਿੰਦੇ ਜਾਂਦੇ ਨਾਲ ਸਮੇਂ ਉਹਨਾਂ,
ਆਪਣਾ ਰੰਗ ਵਿਖਾਇਆ ਨੀ।
ਇੱਕ ਸੁਣੀ ਉਹਨਾਂ ਬੇ-ਦਰਦਾਂ ਨਾ,
ਝਟਕੇ ਨਾਲ਼ ਪੱਲਾ ਛੁਡਾਇਆ ਨੀ।
ਉਹ ਧੁਰ ਤੱਕ ਕਰ ਬਰਬਾਦ ਗਏ,
ਮੇਰਾ ਰੱਜ ਕੇ ਤਨ ਹੰਢਾਇਆ ਨੀ।
ਹੱਥ ਜੋੜ ਮੈਂ ਤਰਲੇ ਕੀਤੇ,
ਮੇਰਾ ਰੋਮ-ਰੋਮ ਕੁਰਲਾਇਆ ਨੀ।
ਕਿਉਂ ਮੈਨੂੰ ਉਸ ਜਿਉਂਦੀ ਮਾਰ ਕੇ,
ਅਰਥੀ ਉੱਤੇ ਪਾਇਆ ਨੀ।
ਚਿਹਰੇ ਉਹਨਾਂ ਦੇ ਹੱਦ ਦੀਆਂ ਖ਼ੁਸ਼ੀਆਂ,
ਉਹਨਾਂ ਚਾਅ ਨਾਲ਼ ਸਿਵਾ ਬਣਾਇਆ ਨੀ।
ਜਿਹਨਾਂ ਹੱਥਾਂ ਵਿੱਚ ਜਿੰਦ ਧਰੀ ਸੀ,
ਉਹਨਾਂ ਹੱਥਾਂ ਨੇ ਲਾਂਬੂ ਲਾਇਆ ਨੀ।
ਮਾਏ ਨੀ ਮਾਏ ਮੇਰੀਏ,
ਮੈਂ ਇਹ ਕੇਹਾ ਲੇਖ ਲਿਖਾਇਆ ਨੀ।

## ਪੈਰ-ਪੈਰ 'ਤੇ

ਪੈਰ-ਪੈਰ 'ਤੇ ਹੈ ਦਰਦ, ਮੇਰੀ ਰਾਤ ਦਾ ਨਹੀਂ ਸਵੇਰਾ।
ਰਾਹ ਕਿਸੇ ਨੂੰ ਕੀ ਦੱਸਾਂ, ਮੇਰੇ ਆਪ ਮੂਹਰੇ ਹਨੇਰਾ।

ਸਾਥ ਖ਼ੁਸ਼ੀਆਂ ਦਾ ਛੁੱਟਿਆ, ਘਰ ਆਪਣੇ ਨੂੰ ਭੁੱਲਿਆ,
ਅੱਖਾਂ ਵਿੱਚ ਸਦਾ ਹੰਝੂ, ਮਹਿਬੂਬ ਦੀਆਂ ਮਿਹਰਾਂ।

ਤੱਕਾਂ ਪੈੜਾਂ ਦੇ ਨਿਸ਼ਾਨ, ਹੋਈ ਜ਼ਿੰਦਗੀ ਵੀਰਾਨ,
ਵਿੱਚ ਰੌਣਕਾਂ ਵੀ 'ਕੱਲਾ, ਜਿਵੇਂ ਥਲਾਂ 'ਚ ਬਸੇਰਾ।

ਆਈ ਬਾਗਾਂ 'ਚ ਬਹਾਰ, ਮੇਰੇ ਦਿਲ 'ਚ ਉਜਾੜ,
ਇੱਕ ਲੋਕਾਂ ਦੀ ਜ਼ੁਬਾਨ, ਦੂਜਾ ਦਰਦ ਡੂੰਘੇਰਾ।

ਗ਼ਮ ਵੱਧਦਾ ਹੀ ਜਾਵੇ, ਸਾਹ ਵੀ ਰੁਕ-ਰੁਕ ਆਵੇ,
ਦੁੱਖ ਸੁਣਦਾ ਨਾ ਕੋਈ, ਮੈਂ ਸੁਣਾਉਂਦਾ ਹਾਂ ਬਥੇਰਾ।

ਦੁੱਖ ਸੀਨੇ ਵਿੱਚ ਲੈ, ਬਿਨਾਂ ਸਾਹਾਂ ਨੂੰ ਵੀ ਕਹਿ,
ਚਲਾ ਜਾਵਾਂ ਖ਼ੁਦ ਤੋਂ ਦੂਰ, ਕੱਢ ਲਵਾਂ ਏਨਾ ਜ਼ੇਰਾ।

## ਇੱਕ ਚਿੱਠੀ

ਮੇਰੇ ਪਿਆਰੇ ਸੱਜਣੋਂ-ਮਿੱਤਰੋ
ਮੈਨੂੰ ਤਾਂ ਤੁਸੀਂ ਜਾਣਦੇ ਹੀ ਹੋਵੋਗੇ
ਚੰਗੀ ਤਰ੍ਹਾਂ ਪਛਾਣਦੇ ਹੀ ਹੋਵੋਗੇ
ਹਾਂ, ਮੈਂ ਉਹੀ 'ਜਸਵੀਰ' ਹਾਂ
ਜੋ ਤੁਹਾਡੇ ਹਾਸਿਆਂ ਵਿੱਚ ਹੱਸਦਾ ਸੀ
ਝੂਠ ਬੋਲਾਂ ਤਾਂ
ਤੁਹਾਡੇ ਦਿਲਾਂ 'ਚ ਵੀ ਵੱਸਦਾ ਸੀ
ਤੇ ਅੱਜ ਤੁਹਾਨੂੰ ਇਹ ਜਾਣ ਕੇ ਬੜਾ ਦੁੱਖ ਹੋਵੇਗਾ
ਕਿ ਮੈਂ ਅਜੇ ਵੀ ਜਿਊਂਦਾ ਹਾਂ।
ਸਾਹ ਲੈਂਦਾ ਹਾਂ,
ਤੁਹਾਨੂੰ ਯਕੀਨ ਨਹੀਂ ਹੋਵੇਗਾ
ਮੈਂ ਤਾਂ ਤੁਹਾਡੇ ਤੋਂ ਮਾਫ਼ੀ ਚਾਹੁੰਦਾ ਹਾਂ
ਕਿ ਤੁਹਾਡੀਆਂ ਆਸਾਂ ਦੇ ਮੁਤਾਬਿਕ ਮੈਂ ਮਰਿਆ ਨਹੀਂ।

## ਮੇਰੀ ਰੂਹ ਪੁੱਛੇਗੀ

ਮੇਰੀ ਮੌਤ ਤੋਂ ਬਾਅਦ ਦੇ ਪਲਾਂ ਵਿੱਚ
ਇਕੱਲਾ ਜਦ ਉਹ ਰਹਿ ਗਿਆ ਥਲਾਂ ਵਿੱਚ
ਮੈਨੂੰ ਯਾਦ ਕਰ ਕੇ ਮਰ ਜਾਣੀ ਨੂੰ
ਉਹਦੀ ਅੱਖ 'ਚੋਂ ਡੁੱਲ੍ਹੇ ਪਾਣੀ ਨੂੰ
ਮੇਰੀ ਰੂਹ ਪੁੱਛੇਗੀ
ਹੁਣ ਤਾਂ ਦੱਸ, ਕਿੰਨਾ ਕੁ ਪਿਆਰ ਕਰਦਾ ਸੀ ਮੈਨੂੰ

ਜੇ ਉਹਨੂੰ ਭੁਲੇਖੇ ਨਾਲ਼ ਮੇਰਾ ਚੇਤਾ ਆਇਆ ਤਾਂ
ਉਹਦੇ ਘਰੋਂ ਆਈ ਹਵਾ ਦਾ ਬੁੱਲਾ ਮੇਰੇ ਕੋਲ਼ ਆਇਆ ਤਾਂ
ਕਿਤੇ ਉਹ ਆਪ ਮੇਰੀ ਕਬਰ 'ਤੇ ਫੁੱਲ ਚੜ੍ਹਾਉਣ ਆਇਆ ਤਾਂ
ਮੇਰੀ ਰੂਹ ਪੁਛੇਗੀ
ਹੁਣ ਤਾਂ ਦੱਸ ਕਿੰਨਾ ਕੁ ਪਿਆਰ ਕਰਦਾ ਸੀ ਮੈਨੂੰ